੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

ਸਤਜੁਗਿ ਸਚੁ ਕਹੈ ਸਭੁ ਕੋਈ॥


# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਤੋਂ ੧੬ ਭਾਦਰੋਂ ੨੦੭੭ ਬਿ.
16 To 31 Aug. 2020

ਜਿਲਦ 28
ਨੰਬਰ 14
Total Pages 44

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥





ਤੈਨੂੰ ਦਰਦ ਸੀ ਗਊ ਗਰੀਬ ਉੱਤੇ,
ਸਾਰੇ ਮਜ਼੍ਹਬਾਂ ਦਾ ਸਾਂਝਾ ਅਵਤਾਰ ਸੀ ਤੂੰ।
ਖ਼ਿਜ਼ਾ ਵਿਚ ਸੀ ਜਿਹੜੀ ਖੁਸ਼ਹਾਲ ਰਹਿੰਦੀ,
ਸੱਚਮੁੱਚ ਹੀ ਸਦਾ ਬਹਾਰ ਸੀ ਤੂੰ।
ਸਾਰਾ ਵਿਸ਼ਵ ਸੀ ਜਿਥੋਂ ਪਿਆਰ ਲੈਂਦਾ,
ਸੂਰਜ ਚੰਦਰਮਾ ਦਾ ਚਮਤਕਾਰ ਸੀ ਤੂੰ।
ਦੇਸ਼ ਭਗਤ ਕੁਰਬਾਨੀ ਦਾ ਦੇਵਤਾ ਸੀ,
ਜਾਂ ਫਿਰ ਪ੍ਰੇਮੀਆਂ ਦਾ ਵਸਲ-ਏ-ਯਾਰ ਸੀ ਤੂੰ।
ਗਊਆਂ ਤਕਦੀਆਂ ਬੂਥੀਆਂ ਚੁੱਕ-ਚੁੱਕ ਕੇ,
ਕਿਤੇ ਦਿਸੇ ਨਾ ਚੇਹਰਾ ਗੁਲਨਾਰ ਤੇਰਾ।
ਰੋ ਕੇ ਨਹਿਰ ਸਰਹੰਦ ਦੀ ਕਹਿ ਰਹੀ ਏ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਘੜ ਕੇ ਤੇਰੀ ਮੁਹੱਬਤ ਦੀ ਇਕ ਵੀਣਾ,
ਗੀਤ ਤੇਰੀ ਜੁਦਾਈ ਦਾ ਗਾਵਾਂਗਾ ਮੈਂ।
ਬੇਸ਼ੱਕ ਰੱਬ ਨੇ ਦਿੱਤਾ ਵਿਛੋੜ ਸਾਨੂੰ,
ਅੰਦਰ ਸੀਨੇ ਦੇ ਤੈਨੂੰ ਵਸਾਂਵਾਂਗਾ ਮੈਂ।
ਸੁਪਨੇ ਵਿਚ ਵੀ ਤੇਰੀ ਉਡੀਕ ਰਹਿੰਦੀ,
ਤੇਰੀ ਯਾਦ ਵਿਚ ਔਂਸੀਆਂ ਪਾਵਾਂਗਾ ਮੈਂ।
ਬੇਸ਼ੱਕ ਤੂੰ ਉਦਾਸੀ ਨੂੰ ਭੁੱਲ ਜਾਵੇਂ,
ਮਰਨ ਤੋੜੀ ਨਾ ਤੈਨੂੰ ਭੁਲਾਵਾਂਗਾ ਮੈਂ।
ਬੇਸ਼ੱਕ ਮਰ ਜਾਵਾਂ ਤੇਰੀ ਯਾਦ ਅੰਦਰ,
ਫਿਰ ਵੀ ਲੋੜਦਾ ਰਹੂੰ ਦੀਦਾਰ ਤੇਰਾ।
ਮੇਰੀ ਕਲਮ ਤਾਂ ਵਿਲਕਦੀ ਕਹਿ ਰਹੀ ਏ,
ਯਾਦ ਰਹੇਗਾ ਸਦਾ ਪਿਆਰ ਤੇਰਾ।

-ਸੰਤ ਰਾਮ ਉਦਾਸੀ

# ਸਤਿਜੁਗ

## ੧ ਤੋਂ ੧੬ ਭਾਦਰੋਂ ੨੦੭੭ ਬਿ.

## 16 ਤੋਂ 31 ਅਗਸਤ 2020 ਈ:

## ਜਿਲਦ 28, ਵੀਰਵਾਰ ਨੰਬਰ 14

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**

*Harvendra Singh Hanspal*
*Gurbhej Singh Guraya*

**Editorial Board:**

*Suwarn Singh 'Virk'*
*Harpal Singh 'Sewak'*
*Sukhwinder Singh 'Lyall'*
***Sant Nishan Singh***
***Jaswant Singh 'Mast'***
*Bhajan Singh*
*Gurlal Singh*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਸ਼ਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ ਸ਼ਧ ਡਾਲਰ

***Designed and Typeset:***
***Hakam Singh & Taran Singh 'Bal'***
***Vishav Namdhari Sangat, Sri Bhaini Sahib***



***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**

ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਜਿਸੁ ਦੀ ਵਸਤੁ ਤਿਸੈ ਘਰਿ ਆਵੈ
ਨਿਸ਼ਾਨ ਸਿੰਘ ਕਥਾਵਾਚਕ....4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ....6
* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ....6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ....7
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ....9
* A Saga of Sri Satguru Jagjit Singh ji
Dr. Sharada Jayagovind ....12
* ਰਾਮਦਾਸਹੁ ਅਰਜਣੁ ਗੁਰੂ
ਨਿਸ਼ਾਨ ਸਿੰਘ ਕਥਾਵਾਚਕ....14
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਲੌਕਿਕ ਚਮਤਕਾਰ
ਦਵਿੰਦਰ ਸਿੰਘ ਗਿੱਲ 'ਜੀਆ ਨੱਥਾ' ....21
* ਬਰਸਾਤ ਦੇ ਮੌਸਮ ਵਿੱਚ ਸਿਹਤ ਸੰਭਾਲ
ਡਾ. ਕਲਮਦੀਪ ਕੌਰ ਕੂਕਾ ....24
* ਏਥੇ ਰਾਜ ਨਾ ਰਹੇ ਫਰੰਗੀਆਂ ਦਾ (ਕਵਿਤਾ)
ਹਜਾਰਾ ਸਿੰਘ ਮੰਡ ....25
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ....26
* ਅੜਬੰਗੀ (ਨਾਵਲ)
ਸਵ. ਸੰਤ ਇੰਦਰ ਸਿੰਘ ਚੱਕਰਵਰਤੀ ....28
* Protector of the relations: Nuptial and Spiritual
A.S Panesar ....30
* ਕਾਵਿ-ਕਿਆਰੀ ....34
* ਸੁੱਚੇ ਮੋਤੀ ....36
* ਬੱਚਿਆਂ ਦਾ ਪੰਨਾ....37
* ਖ਼ਬਰਨਾਮਾ....38

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਜਿਸ ਦੀ ਵਸਤੁ ਤਿਸੈ ਘਰਿ ਆਵੈ

ਅਕਾਲ ਪੁਰਖ ਪਰਮੇਸ਼ਰ ਜੀ ਦੇ ਸ਼ਾਖਸਾਤ ਸਰਗੁਣ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਠਾਰਨ ਅਤੇ ਤਾਰਨ ਲਈ ਚਾਰ ਲੰਮੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਚਾਰ ਉਦਾਸੀਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ।' ਉਪਰੰਤ ਸਤਿਗੁਰੂ ਸਾਹਿਬ ਨੇ 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ' ਨੂੰ ਜਾਰੀ ਰੱਖਣ ਵਾਸਤੇ ਆਪਣੇ ਪਿਆਰੇ ਸੇਵਕ ਭਾਈ ਲਹਿਣਾ ਜੀ ਵਿੱਚ ਨਿਜ ਜੋਤਿ ਟਿਕਾ ਕੇ ਦੇਹਧਾਰੀ ਗੁਰੂ ਪਰੰਪਰਾ ਦਾ ਆਰੰਭ ਕੀਤਾ। ਪਰ ਇਹ ਗੱਲ ਵੀ ਯਾਦ ਰੱਖਣ ਯੋਗ ਹੈ ਕਿ ਗੁਰਗੱਦੀ ਦੇ ਦਾਅਵੇਦਾਰ ਵੀ ਨਾਲ ਹੀ ਉੱਠ ਖਲੋਤੇ। ਗੁਰਗੱਦੀ ਦੇ ਫੈਸਲੇ ਤੋਂ ਬਾਅਦ ਦੋਹਾਂ ਗੁਰੂ-ਪੁੱਤਰਾਂ (ਸ੍ਰੀ ਚੰਦ ਜੀ, ਲਖਮੀ ਚੰਦ ਜੀ) ਨੇ ਬਰਾਦਰੀ ਦੇ ਲੋਕਾਂ ਨੂੰ ਇਕੱਠਾ ਕਰ ਲਿਆਂਦਾ। ਬਰਾਦਰੀ ਦੇ ਇੱਕ ਮੁਖੀ ਸੱਜਣ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ, "ਜੀ, ਗੱਦੀ ਸ੍ਰੀ ਚੰਦ ਨੂੰ ਦੇਣੀ ਬਣਦੀ ਸੀ।"

"ਮੈਂ ਕਿਸੇ ਨੂੰ ਗੱਦੀ ਨਹੀਂ ਦਿੱਤੀ। ਇਹ ਤਾਂ ਅਕਾਲ ਪੁਰਖ ਵੱਲੋਂ ਹੁੰਡੀ ਸੀ, ਜੋ ਸੇਵਕ ਨੂੰ ਤਾਰਨੀ ਸੀ। ਸੇਵਕ ਮੈਂ ਡਿੱਠਾ ਭਾਈ ਲਹਿਣਾ।" ਗੁਰੂ ਜੀ ਦਾ ਸਟੀਕ ਉੱਤਰ ਸੀ। ਆਏ ਹੋਏ ਪੰਚਾਂ ਨੇ ਅਰਜ਼ ਕੀਤੀ, "ਆਪ ਜੀ ਦੇ ਪੁੱਤਰ ਵੀ ਤਾਂ ਯੋਗ ਸੇਵਕ ਸਨ।" ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਉਹ ਹੁਣੇ ਹੀ ਪਰਖ ਲੈਣਗੇ। ਇੱਕ ਪੈਸਾ ਲੈ ਕੇ ਹਥੇਲੀ 'ਤੇ ਰੱਖਿਆ ਤੇ ਮੁੱਠੀ ਬੰਦ ਕਰ ਲਈ। ਦੋਹਾਂ ਸਪੁੱਤਰਾਂ ਨੂੰ ਵਾਰੀ-ਵਾਰੀ ਪੁੱਛਿਆ ਕਿ ਉਹ ਦੱਸਣ ਮੁੱਠੀ ਵਿੱਚ ਕੀ ਸੀ। ਦੋਵਾਂ ਨੇ ਤਤਛਿਨ ਜੁਆਬ ਦਿੱਤਾ "ਤੁਸੀਂ ਸਭ ਦੇ ਸਾਹਮਣੇ ਇੱਕ ਪੈਸਾ ਹਥੇਲੀ 'ਤੇ ਰੱਖਿਆ ਸੀ, ਉਹੀ ਤਾਂ ਹੈ, ਮੁੱਠੀ ਵਿੱਚ ਹੋਰ ਕੀ ਹੋਣਾ ਹੈ?"

"ਭਾਈ ਲਹਿਣਾ ਤੂੰ ਦੱਸ?" ਅਗਮ ਅਗਾਧ ਪੁਰਖ ਸਤਿਗੁਰੂ ਦਾ ਪ੍ਰਸ਼ਨ ਸੀ।

ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੇ ਹੱਥ ਜੋੜ ਕੇ ਸਨਿਮਰ ਅਰਜ਼ ਕੀਤੀ, "ਪਾਤਸ਼ਾਹ! ਮੇਰੀ ਸ਼ਕਤੀ ਨਹੀਂ ਕਿ ਮੈਂ ਦੱਸ ਸਕਾਂ। ਬਖ਼ਸ਼ਿਸ਼ ਕਰੋ ਤਾਂ ਦੱਸਾਂ- ਤੇਰੀ ਮੁੱਠੀ ਵਿੱਚ ਗਿਆਨ, ਭਗਤੀ, ਨੌ ਨਿੱਧਾਂ, ਅਠਾਰਾਂ ਸਿੱਧਾਂ, ਸਾਰਾ ਸੰਸਾਰ। ਮੁਆਫ਼ ਕਰਨਾ ਜੇ ਮੁੱਠੀ ਖੁੱਲ੍ਹ ਜਾਏ ਤਾਂ ਰੱਬ ਦਾ ਦੀਦਾਰ ਹੋ ਜਾਏ।" ਸਭ ਸੁਣਦੇ ਸਾਰ ਅਸਚਰਜ ਹੋ ਗਏ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਪਰਖਾਂ ਲੈ ਕੇ ਗੁਰੂ ਜੀ ਨੇ 'ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ' ਭਾਈ ਲਹਿਣਾ ਜੀ ਨੂੰ ਅਬਿਨਾਸ਼ੀ ਤਖ਼ਤ 'ਤੇ ਬਿਰਾਜਮਾਨ ਕੀਤਾ।

ਇਸੇ ਤਰ੍ਹਾਂ ਹੀ ਬਾਕੀ ਗੁਰੂ ਮਹਲਾਂ ਨੇ ਸਮੇਂ-ਸਮੇਂ ਤੇ ਆਪਣੇ ਉੱਤਰਾਧਿਕਾਰੀਆਂ ਦੀ ਚੋਣ ਕੀਤੀ। ਪਰ ਸਮੇਂ ਸਮੇਂ ਤੇ ਵਿਰੋਧ ਵੀ ਜਾਰੀ ਰਿਹਾ। ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਵੱਲੋਂ ਉਦਾਸੀ ਮੱਤ ਦੀ ਸਥਾਪਨਾ ਕਰ ਲਈ ਅਤੇ ਉਨ੍ਹਾਂ ਦੀ ਗੁਰੂ ਘਰ ਤੋਂ ਦੂਰੀ ਗੁਰੂ ਅਮਰਦਾਸ ਜੀ ਦੇ ਵੇਲੇ ਤੱਕ ਬਣੀ ਰਹੀ। ਗੁਰੂ ਰਾਮਦਾਸ ਜੀ ਦੇ ਵਕਤ ਬਾਬਾ ਜੀ ਦਾ ਗੁਰੂ ਘਰ ਨਾਲ ਮੇਲ ਮਿਲਾਪ ਦੁਬਾਰਾ ਸ਼ੁਰੂ ਹੋਇਆ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਸੂ ਨੇ ਆਪਣੇ ਆਪ ਨੂੰ ਗੁਰੂ ਪ੍ਰਗਟ ਕੀਤਾ। ਸਿੰਘਾਸਣ ਜਾ ਬੈਠਾ। ਪਰ ਗੁਰੂ ਦੀ ਬਰਾਬਰੀ ਕਿਵੇਂ ਹੋ ਸਕਦੀ ਸੀ। ਸਿਰ ਫਿਰ ਗਿਆ। ਕਮਲਾ ਬਉਰਾ ਹੋ ਗਿਆ। ਗੁਰੂ ਰਾਮਦਾਸ ਜੀ ਦੇ ਗੱਦੀ 'ਤੇ ਸੁਭਾਇਮਾਨ ਹੋਣ ਵਕਤ ਮੋਹਨ ਜੀ ਵੱਲੋਂ ਵਿਰੋਧ, ਪੰਜਵੇਂ ਪਾਤਸ਼ਾਹ ਜੀ ਵੇਲੇ ਪ੍ਰਿਥੀਚੰਦ ਵੱਲੋਂ ਵਿਰੋਧ ਜੋ ਉਸ ਦੇ ਪੁੱਤ ਪੋਤਰੇ ਨੇ ਵੀ ਜਾਰੀ ਰੱਖਿਆ, ਰਾਮ ਰਾਏ ਵੱਲੋਂ ਵਿਰੋਧ, ਗੁਰੂ ਪਿਤਾ ਅਤੇ ਗੁਰੂ ਹਰਿਕ੍ਰਿਸ਼ਨ ਦਾ ਵਿਰੋਧ, ਧੀਰਮੱਲ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਵਿਰੋਧ ਜਗ ਜ਼ਾਹਿਰ ਹਨ। ਭਾਈ ਗੁਰਦਾਸ ਜੀ ਇਨ੍ਹਾਂ ਵਿਰੋਧਾਂ ਵਿੱਚੋਂ ਕੁਝ ਮਿਸਾਲਾਂ ਦਾ ਜ਼ਿਕਰ ਇੱਕ ਪਉੜੀ ਵਿੱਚ ਇਸ ਪ੍ਰਕਾਰ ਕਰਦੇ ਹਨ-

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥
ਲਖਮੀ ਦਾਸਹੁ ਧਰਮ ਚੰਦ ਪੋਤਾ ਹੁਇ ਕੈ ਆਪੁ ਗਣਾਇਆ॥
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥

ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥
ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ॥
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਕੁਤਾ ਭਉਕਾਇਆ॥
ਚੰਦਨ ਵਾਸੁ ਨ ਵਾਸ ਬੋਹਾਇਆ॥ (ਵਾਰ- ੨੬, ਪਉੜੀ ੩੩)

ਪਰ ਇਕ ਸੁਆਲ ਸਹਿਜੇ ਹੀ ਮਨ ਵਿਚ ਉਤਪੰਨ ਹੋ ਜਾਂਦਾ ਹੈ ਕਿ ਗੁਰਗੱਦੀ ਦਾ ਹੱਕਦਾਰ ਕੌਣ ਹੁੰਦਾ ਹੈ? ਕਦੇ ਪੁੱਤਰਾਂ ਨੂੰ ਛੱਡ ਕੇ ਸੇਵਕ ਨੂੰ ਬਖਸ਼ ਦਿੱਤੀ ਜਾਂਦੀ ਹੈ। ਕਦੇ ਪੁੱਤਰਾਂ ਦੀ ਬਜਾਏ ਆਪਣੇ ਤੋਂ ਵੱਡੀ ਉਮਰ ਦੇ ਬਜ਼ੁਰਗ ਕੁੜਮ ਨੂੰ, ਕਦੀ ਜਵਾਈ ਨੂੰ, ਕਦੇ ਵੱਡੇ ਪੁੱਤਰਾਂ ਦੀ ਬਜਾਏ ਸਭ ਤੋਂ ਛੋਟੇ ਪੁੱਤਰ ਨੂੰ, ਕਦੀ ਪੋਤਰੇ ਨੂੰ, ਕਦੀ ਬਾਬੇ ਨੂੰ, ਕਦੀ ਪਹਿਲੀ ਵਾਰ ਦਰਸ਼ਨ ਕਰਨ ਆਏ ਦਰਸ਼ਨਾਰਥੀ ਨੂੰ, ਕਦੇ ਛੋਟੇ ਭਤੀਜੇ ਨੂੰ, ਐਸਾ ਕਿਉਂ ? ਜੇਕਰ ਤਪੱਸਿਆ ਦੀ ਗੱਲ ਕਰੀਏ ਤਾਂ ਬਾਬਾ ਸ੍ਰੀ ਚੰਦ ਜੀ ਬਾਲ ਜਤੀ ਅਤੇ ਮਹਾਨ ਤਪੱਸਵੀ ਹਨ। ਦਾਤੂ ਨੇ ਵੀ ਸਿੱਧਾਸਣ ਸਿੱਖੇ। ਬਾਬਾ ਮੋਹਨ ਅਤੇ ਮਹਾਂਦੇਵ ਵਿਰੱਕਤੀਆਂ ਵਾਂਗ ਵਿਚਰਦੇ ਸਨ। ਜੇਕਰ ਗੱਦੀ ਸੇਵਾ ਨਾਲ ਹੀ ਪ੍ਰਾਪਤ ਹੁੰਦੀ ਤਾਂ ਭਾਈ ਬਾਲਾ ਜੀ, ਭਾਈ ਬੁੱਢਾ ਜੀ, ਭਾਈ ਰਾਮਾ ਜੀ, ਭਾਈ ਬਹਿਲੋ ਜੀ ਅਤੇ ਭਾਈ ਮੰਝ ਦੀ ਸੇਵਾ ਵੀ ਕਿਸੇ ਪੱਖ ਤੋਂ ਘੱਟ ਨਹੀਂ ਸੀ। ਜੇਕਰ ਵਿੱਦਿਆ ਨਾਲ ਪ੍ਰਾਪਤ ਹੁੰਦੀ ਤਾਂ ਮਿਹਰਵਾਨ ਉਸ ਵਕਤ ਦਾ ਵੱਡਾ ਵਿਦਵਾਨ ਸੀ। ਜੇਕਰ ਬਾਹੂਬਲ ਜਾਂ ਰਾਜਨੀਤਿਕ ਬਲ ਨਾਲ ਇਹ ਥਾਂ ਪ੍ਰਾਪਤ ਹੁੰਦੀ ਤਾਂ ਇਹ ਥਾਂ ਧੀਰਮੱਲ ਜਾਂ ਰਾਮਰਾਏ ਲੈ ਜਾਂਦੇ। ਜੇਕਰ ਚਲਾਕੀਆਂ ਨਾਲ ਇਸ ਅਸਥਾਨ ਤੱਕ ਪਹੁੰਚ ਹੋ ਸਕਦੀ ਤਾਂ ਪ੍ਰਿਥੀ ਚੰਦ ਜਿਹੇ ਚਲਾਕ ਅਤੇ ਕਪਟੀ ਬੰਦੇ ਆਪਣੀਆਂ ਚਾਲਾਂ ਵਿਚ ਕਦੇ ਵੀ ਅਸਫਲ ਨਾ ਹੁੰਦੇ। ਫਿਰ ਗੱਦੀ ਕਿਸ ਨੂੰ ਮਿਲਦੀ ਹੈ? ਇਸ ਦਾ ਉੱਤਰ ਢੂੰਡਣ ਤੋਂ ਪਹਿਲਾਂ ਸਾਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਇਹ ਇੱਕ ਬਖਸ਼ਿਸ਼ ਹੈ ਨਿੱਜੀ ਪ੍ਰਾਪਤੀ ਨਹੀਂ। ਰਹੀ ਗੱਲ ਗੁਰੂ ਵਿਅਕਤੀ ਦੀ। ਇਸ ਦਾ ਉੱਤਰ ਭਾਈ ਗੁਰਦਾਸ ਜੀ ਨੇ ਬਹੁਤ ਸੁੰਦਰ ਸ਼ਬਦਾਂ ਵਿੱਚ ਦਿੱਤਾ ਹੈ:

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ॥
ਕਿਉਂਕਿ- ਦਿਤਾ ਲਈਐ ਆਪਣਾ ਅਣਿਦਿਤਾ ਕਛੁ ਹਥਿ ਨ ਆਵੈ॥

ਚੌਥੇ ਪਾਤਸ਼ਾਹ ਜੀ ਦੀ ਗੁਰਿਆਈ ਬਾਬਤ ਗੁਰੂ ਕਲਗੀਧਰ ਪਾਤਸ਼ਾਹ ਫੁਰਮਾਉਂਦੇ ਹਨ ਜਦੋਂ ਸੋਢੀ ਰਾਜੇ ਵੱਲੋਂ ਬੇਦੀ ਦੇ ਬੇਦ ਉਚਾਰਨ 'ਤੇ ਖੁਸ਼ ਹੋ ਕੇ ਆਪਣਾ ਰਾਜ ਭਾਗ ਉਨ੍ਹਾਂ ਨੂੰ ਦੇ ਦਿੱਤਾ ਤਾਂ ਉਨ੍ਹਾਂ ਨੇ ਬਚਨ ਦਿੱਤਾ ਸੀ ਕਿ ਜਿਸ ਤਰ੍ਹਾਂ ਚੌਥਾ ਵੇਦ ਸ੍ਰਵਣ ਕਰਕੇ ਸਾਨੂੰ ਰਾਜ ਭਾਗ ਦਿੱਤਾ ਹੈ, ਅਸੀਂ ਨਾਨਕ ਅਵਤਾਰ ਦੀ ਚੌਥੀ ਗੱਦੀ ਤੁਹਾਨੂੰ ਦਿਆਂਗੇ।

ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇ ਕੈ॥ ਦੇਤ ਭਯੋ ਬਰਦਾਨ ਹੀਐ ਹੁਲਸਾਇ ਕੈ॥
ਜਬ ਨਾਨਕ ਕਲ ਮੈ ਹਮ ਆਨਿ ਕਹਾਇ ਹੈ॥ ਹੋ ਜਗਤ ਪੂਜ ਕਰਿ ਤੋਹਿ ਪਰਮ ਪਦੁ ਪਾਇ ਹੈ॥

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇਣ ਵਕਤ ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਸੀ ਕਿ ਇਨ੍ਹਾਂ ਨੂੰ ਗੱਦੀ ਦਾ ਵਰਦਾਨ ਤੀਜੇ ਪਾਤਸ਼ਾਹ ਦੇ ਚੁੱਕੇ ਹਨ, ਜਦ ਉਨ੍ਹਾਂ ਨੇ ਬਚਨ ਕੀਤਾ ਸੀ:

ਭਾਰੀ ਗੁਰੁ ਜਗ ਮਹਿ ਬਿਦਤੈ ਹੈ॥ ਬਾਣੀ ਕੋ ਬੋਹਿਥ ਬਡ ਹ੍ਵੈ ਹੈ॥

ਮਾਤਾ ਨਾਨਕੀ ਜੀ ਨੇ ਜਦ ਗੁਰੂ ਹਰਗੋਬਿੰਦ ਜੀ ਦੇ ਚਰਨਾਂ ਵਿੱਚ ਆਪਣੇ ਸਪੁੱਤਰ ਤੇਗ ਬਹਾਦਰ ਜੀ ਬਾਰੇ ਅਰਜ਼ ਕੀਤੀ ਤਾਂ ਆਪ ਜੀ ਹੁਕਮ ਕੀਤਾ, "ਅਜੇ ਉਸ ਦਾ ਸਮਾਂ ਨਹੀਂ।" ਇੱਕ ਰੁਮਾਲ ਅਤੇ ਇੱਕ ਕਟਾਰ ਬਖ਼ਸ਼ਿਸ਼ ਕੀਤੀ ਕਿ ਸਮਾਂ ਆਉਣ 'ਤੇ ਤੇਗ ਬਹਾਦਰ ਜੀ ਨੂੰ ਦੇ ਦੇਣੀ। ਇਹ ਸਾਰਾ ਕੁੱਝ ਰੱਬੀ ਹੁਕਮ ਵਿੱਚ ਹੁੰਦਾ ਹੈ। ਧੁਰ ਦਰਗਾਹੋਂ ਲਿਖੀ ਹੋਈ ਵਸਤੂ ਸਮਾਂ ਆਉਣ ਤੇ ਪ੍ਰਾਪਤ ਹੁੰਦੀ ਹੈ। ਫਿਰ ਸਵਾਲ ਉੱਠਦਾ ਹੈ ਕਿ ਇਹ ਪਰਚੇ ਕਿਉਂ ਪਾਏ ਜਾਂਦੇ ਹਨ।


ਬੇਸ਼ੱਕ ਗੁਰਗੱਦੀ 'ਦਾਤਿ ਜੋਤਿ ਖਸਮੈ ਵਡਿਆਈ' ਹੈ, ਪਰ ਬਖਸ਼ਣੀ ਸੇਵਕ ਨੂੰ ਹੀ ਹੁੰਦੀ ਹੈ। ਪ੍ਰੀਖਿਆ ਦਾ ਮੁੱਖ ਕਾਰਨ ਝੂਠੇ ਦਾਅਵੇਦਾਰਾਂ ਨੂੰ ਰੱਦ ਕਰਨਾ ਅਤੇ ਗੁਰਮਤਿ ਮਾਰਗ ਦੇ ਪਾਂਧੀਆਂ ਲਈ ਪ੍ਰੇਰਕ ਸਾਖੀਆਂ ਦੀ ਰਚਨਾ ਕਰਨਾ ਹੁੰਦਾ ਹੈ।

ਪ੍ਰਸਿੱਧ ਚਿੰਤਕ ਸ੍ਰੀ ਅਮਰ ਭਾਰਤੀ ਜੀ ਦੇ ਸ਼ਬਦਾਂ ਵਿੱਚ: ਗੁਰ ਇਤਿਹਾਸ ਵਿੱਚ ਜਿਸ ਨੇ ਵੀ ਇੱਛਾ ਕੀਤੀ ਜਾਂ ਗੁਰਗੱਦੀ ਤੇ ਦਾਅਵਾ ਜਤਾਇਆ ਉਸਨੂੰ ਕਦੇ ਵੀ ਇਹ ਰੱਬੀ ਦਾਤ ਪ੍ਰਾਪਤ ਨਹੀਂ ਹੋਈ। ਇਹ ਦਾਤ ਉਸੇ ਨੂੰ ਪ੍ਰਾਪਤ ਹੋਈ ਜਿਸਨੇ ਇਸ ਪ੍ਰਾਪਤੀ ਵਾਸਤੇ ਕਦੇ ਸੋਚਿਆ ਤੱਕ ਨਹੀਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੰਥ ਦੀ ਵਾਗਡੋਰ ਸੰਭਾਲਣ ਉਪਰੰਤ ਜਦੋਂ ਪਹਿਲੀ ਵੇਰ ਸੁਹੇਵਾ ਸਾਹਿਬ ਦਰਸ਼ਨ ਦਿੱਤੇ। ਉੱਥੇ ਗੁਰੂ ਘਰ ਦੇ ਸ਼ਰਧਾਲੂ ਅਤੇ ਜੋਤਿਸ਼ ਵਿੱਦਿਆ ਦੇ ਪ੍ਰਬੀਨ ਪੰਡਿਤ ਚੌਲਤਾ ਪ੍ਰਸਾਦ ਜੀ ਨਾਲ ਬਚਨ ਕੀਤਾ: 'ਸਤਿਗੁਰੂ ਜੀ ਦੇ ਸਥਾਨ ਤੋਂ ਮੈਂ ਆਪਣੇ ਆਪ ਨੂੰ ਬਹੁਤ ਛੋਟਾ ਸਮਝਦਾ ਸਾਂ, ਸੋ ਇਸ ਪ੍ਰਥਾਇ ਮੇਰੀ ਕਦੇ ਵੀ ਕੋਈ ਇੱਛਾ ਨਹੀਂ ਸੀ।' ਤਾਂ ਪੰਡਿਤ ਜੀ ਨੇ ਅਰਜ਼ ਕੀਤੀ ਕਿ ਇਹ ਰੱਬੀ ਦਾਤ ਬਖਸ਼ਿਸ਼ ਕਰਨ ਵਾਲੇ ਦੀ ਰਜ਼ਾ ਨਾਲ ਪ੍ਰਾਪਤ ਹੁੰਦੀ ਹੈ। ਬੇਸ਼ੱਕ ਤੁਹਾਡੀ ਕੋਈ ਇੱਛਾ ਨਹੀਂ ਸੀ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਰਜ਼ਾ ਆਪ ਜੀ ਤੋਂ ਇਹ ਸੇਵਾ ਲੈਣ ਦੀ ਸੀ।

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥

**-ਨਿਸ਼ਾਨ ਸਿੰਘ ਕਥਾਵਾਚਕ**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰ ਹੁਣ ਇਉ ਕਰੋ ਜੋ ਅਖੰਡ ਪਾਠ ਨਹੀ ਹੁੰਦੇ ਹੈ ਤਾ ਖੁਲੇ ਪਾਠ ਕਰੋ। ਹੋਰ ਭਜਨ ਕੀਤਾ ਜਿਤਨਾ ਹੋਵੇ, ਨਹੀ ਤਾ ਜਪੁ ਜਾਪੁ ਜਰੂਰ ਕਰ ਲੈਣਾ। ਫੇਰ ਜਿਸ ਵੇਲੇ ਸੂਰਜ ਦੀਆ ਰਿਸਮਾ ਨਿਕਲਨ ਲਗਨ ਤਾ ਓਸ ਵੇਲੇ ਚੰਡੀ ਦੀ ਵਾਰ ਦਾ ਪਾਠ ਕਰਨ ਲਗਣਾ। ਅਰਦਾਸ ਕਰਕੇ ਪਾਠ ਤੋਰਨਾ ਫੇਰ। ਪਾਠ ਕਰਕੇ ਫੇਰ ਬੇਨਤੀ ਕਰਨੀ ਹੇ ਭਗਵਤੀ ਮਾਤਾ ਹੇ ਜਗਦੰਭਾ ਆਦ ਅੰਤ ਦੈਤਾ ਦਾ ਨਾਸ ਕਰਨ ਵਾਲੀ, ਹੋਰ ਜੈਸੀ ਬਣਿ ਆਵੈ ਬੇਨਤੀ ਕਰਨੀ ਹਥ ਜੋੜਕੇ 'ਹੇ ਹਮਾਰੀ ਮਾਤਾ ਗਊ ਬਧ ਕਰਨ ਵਾਲਿਆ ਦਾ ਤੇ ਭਛਨ ਕਰਨ ਵਾਲਿਆ ਦਾ ਸਭਨਾ ਦਾ ਨਾਸ ਕਰ।' ਏਹ ਪਾਠ ਸਭੇ ਸਿੰਘ ਕਰਨ।

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

## ਮਰਯਾਦਾ



ਜਿਤਨਾ ਚਿਰ ਤੁਹਾਡੀ ਆਤਮਾ ਨਾਮ ਜਪ ਕੇ ਤਾਕਤ ਵਾਲੀ ਨਹੀਂ ਬਣ ਜਾਂਦੀ, ਤੁਸੀਂ ਕੋਈ ਮੁਲਕ ਦਾ ਕੰਮ, ਕੋਈ ਕੁਰਬਾਨੀ ਦਾ ਕੰਮ, ਕੋਈ ਪਰਉਪਕਾਰ ਦਾ ਕੰਮ ਨਹੀਂ ਕਰ ਸਕਦੇ। ਸਭ ਤੋਂ ਵੱਡੀ ਚੀਜ਼ ਇਹ ਜ਼ਰੂਰੀ ਹੈ- ਕਿ ਨਿਤਨੇਮ- ਹੁਕਮ ਤੇ ਇਹ ਹੈ ਕਿ ਕੋਈ ਦਮ ਨਾ ਵਿਹਲਾ ਜਾਵੇ- ਸਤਿਗੁਰਾਂ ਦੇ ਵੱਕਤ, ਇਹ ਨਾਮਧਾਰੀ ਦੀ ਰੋਜ਼ ਦੀ ਵੇਲੇ ਦੀ ਵੰਡ ਸੀ ਕਿ ਜਿਹੜਾ ਬਿਹੰਗਮ ਸਾਧ ਹੋਵੇ, ਉਹ ਪੰਜ ਪਾਠ ਜਪੁ-ਜਾਪੁ ਦੇ ਕਰੇ, ਪੰਜ ਗ੍ਰੰਥੀ ਬਾਣੀ ਪੜ੍ਹੇ, ਪੰਜ ਮਾਲਾ ਪੱਕੀਆਂ ਭਜਨ ਦੀਆਂ ਫੇਰੇ, ਇੱਕ ਮਾਲਾ ਭਗੌਤੀਆਂ ਦੀ ਫੇਰੇ, ਚੰਡੀ ਦੀ ਵਾਰ ਦਾ ਪਾਠ ਕਰੇ, ਪ੍ਰਸ਼ਾਦਾ ਆਪ ਪਕਾ ਕੇ ਛਕੇ, ਸੌ (100) ਪੱਤਰਾ ਗ੍ਰੰਥ ਸਾਹਿਬ ਦਾ ਪੜ੍ਹੇ। ਗ੍ਰਹਿਸਤੀ ਦੀ ਮਰਯਾਦਾ ਭੀ ਇਹ ਹੈ- ਬਈ ਘੱਟ ਤੋਂ ਘੱਟ ਜਪੁ, ਜਾਪੁ, ਸ਼ਬਦ ਹਜ਼ਾਰੇ- ਸਤਿਗੁਰਾਂ ਨੇ ਇਉਂ ਲਿਖਿਆ ਹੁਕਮਨਾਮੇ ਵਿੱਚ, "ਬਾਈ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ ਜ਼ਰੂਰ।"

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

7-8-2020

ਨਾਮਧਾਰੀ ਫਾਰਮ
ਬਿੜਦੀ, ਬੰਗਲੌਰ

ਸਵੇਰ ਤੋਂ ਲੈ ਕੇ ਤੁਸੀਂ ਸ੍ਰੀ ਭੈਣੀ ਸਾਹਿਬ ਤੋਂ ਲਾਈਵ ਆਸਾ ਦੀ ਵਾਰ ਦਾ ਕੀਰਤਨ ਸੁਣਿਆ, ਨਾਮ-ਸਿਮਰਨ ਕੀਤਾ। ਮੈਂ ਕੁਝ ਯਾਦ ਕਰਵਾਉਣਾ ਚਾਹੁੰਦਾ ਆਪਾਂ ਨੂੰ, ਭੁੱਲ ਜਾਂਦੇ ਹਾਂ ਕਿਉਂਕਿ ਮਾਇਆ ਇੰਨੀ ਪ੍ਰਬਲ ਹੈ। ਆਪਾਂ ਇਹ ਯਾਦ ਰੱਖੀਏ ਇਹ ਜਿਹੜੀ ਜਗ੍ਹਾ ਹੈ ਇਹਨੂੰ ਇਸ ਰੂਪ ਵਿੱਚ ਵਸਾਇਆ ਕਿਸਨੇ ਹੈ। ਇਥੇ ਤੁਸੀਂ ਢਾਈ ਤਿੰਨ ਸੌ ਸਰੀਰ ਰਹਿੰਦੇ ਹੋ ਚਹਿਲ ਪਹਿਲ ਹੁੰਦੀ ਹੈ। ਦਿਨ ਵਿੱਚ ਵੇਖੀਏ ਹਜ਼ਾਰਾਂ ਬੰਦੇ ਇਥੇ ਕੰਮ ਕਰਦੇ ਹਨ। ਇਸ ਜਗ੍ਹਾ ਨੂੰ ਵਸਾਇਆ ਕਿਸਨੇ ਹੈ ਇਸਨੂੰ ਕਿਸੇ ਕਾਰਪੋਰੇਟ ਬੰਦੇ ਨੇ ਨਹੀਂ ਵਸਾਇਆ। ਇਸ ਜਗ੍ਹਾ ਨੂੰ ਜਿਸ ਪਿਆਰੇ ਨੇ ਵਸਾਇਆ ਹੈ। ਜਿੰਨ੍ਹਾਂ ਦੀ ਕਿਰਪਾ ਨਾਲ ਆਪਾਂ ਇਥੇ ਬੈਠੇ ਹਾਂ ਉਸ ਦੇ ਚਰਨਾਂ ਵਿੱਚ ਸਿਰ ਝੁਕਾ ਕੇ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਮੈਂ ਇਸ ਕਰਕੇ ਯਾਦ ਕਰਵਾਉਣਾ ਚਾਹੁੰਦਾ ਹਾਂ, ਰੋਟੀ ਸਾਰਿਆਂ ਨੇ ਕਮਾਉਣੀ ਖਾਣੀ ਹੈ। ਦੁਨੀਆਂ ਤੇ ਆਪਾਂ ਆਏ ਹਾਂ, ਇਹ ਕਰਨਾਂ ਹੀ ਪੈਂਦਾ ਹੈ। ਉਸ ਪ੍ਰਮਾਤਮਾ ਨੇ ਜਦੋਂ ਇਹ ਦੁਨੀਆਂ ਬਣਾਈ ਨਾਲ ਹੀ ਤ੍ਰਿਸ਼ਣਾ ਬਣਾ ਦਿੱਤੀ। ਤ੍ਰਿਸ਼ਣਾ ਨਾ ਹੋਵੇ ਤਾਂ ਇਹ ਸਾਰਾ ਕੁਝ ਚਲਦਾ ਵੀ ਨਹੀਂ, ਕਿਸੇ-ਕਿਸੇ ਵੇਲੇ ਸਾਧੂਆਂ ਨੇ ਇਹ ਵੀ ਕਿਹਾ ਹੈ ਕਿ ਇਹ ਦੁਨੀਆਂ ਦਾ ਜੋ ਤਮਾਸ਼ਾ ਬਣਾਇਆ ਹੈ ਇਹ ਚਲਦਾ ਵੀ ਤ੍ਰਿਸ਼ਣਾ ਦੇ ਨਾਲ ਹੈ। ਤ੍ਰਿਸ਼ਣਾ ਤੋਂ ਭਾਵ Desire ਨਾਲ ਚਲਦਾ ਹੈ। ਜਿਨ੍ਹਾਂ ਨੇ ਇਹ ਜਗ੍ਹਾ ਵਸਾਈ ਹੈ, ਜਿਹੜੇ ਹਰ ਥਾਂ ਆਪਣੀ ਸਹਾਇਤਾ ਕਰਦੇ ਨੇ ਉਸ ਪਾਤਸ਼ਾਹ ਦਾ ਹੁਕਮ ਮੰਨਦਿਆਂ ਹੋਇਆਂ ਮੈਂ ਖਾਸ ਕਰਕੇ ਤੁਹਾਨੂੰ ਸਾਰਿਆਂ ਨੂੰ ਕਹਿਣਾ ਚਾਹਾਂਗਾ, ਜਿਹੜੇ ਨਹੀਂ ਆਉਂਦੇ, ਉਹਨਾਂ ਨੂੰ ਇੰਨੀ ਅਰਜ਼ ਬੇਨਤੀ ਹੈ ਕਿ ਬਾਰ- ਬਾਰ ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਸੂਰਜ ਚੜਨ ਤੇ ਕੋਈ ਵੀ ਸੁੱਤਾ ਨਾ ਰਹੇ। ਇਹ ਨਾ ਹੋਵੇ ਕਿ ਸੂਰਜ ਚੜਨ ਵੇਲੇ ਤੁਸੀਂ ਸੁੱਤੇ ਹੋਵ ਤੇ ਇਥੇ ਕੋਈ ਆਵੇ ਨਾ। ਸੱਚੇ ਪਾਤਸ਼ਾਹ ਹੁਕਮ ਕਰਦੇ ਹੁੰਦੇ ਸੀ ਜੇ ਤੁਹਾਡੀ ਫਲਾਈਟ ਹੋਵੇ ਤਾਂ ਤੁਸੀਂ ਘੰਟਾ-ਦੋ ਘੰਟੇ ਪਹਿਲਾਂ ਜਾ ਬੈਠੇ ਹੁੰਦੇ ਹੋ ਕੀ ਆਪਾਂ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਇਹ ਜਿਹੜਾ ਨਾਮ ਹੈ ਇਸ ਨਾਲ ਹੀ ਸਾਨੂੰ ਸੁੱਖ ਮਿਲਣਾ ਹੈ। ਆਪਾਂ ਗੁਰਬਾਣੀ ਪੜ੍ਹਦੇ ਹਾਂ ਸੁਣਦੇ ਹਾਂ, ਮੱਥਾ ਟੇਕਦੇ ਹਾਂ ਕੀ ਸਾਡੇ ਇਹ ਮੰਨਣ ਵਿਚ ਨਹੀਂ ਆਉਂਦਾ 'ਹਰਿ ਕੋ ਨਾਮੁ ਸਦਾ ਸੁਖਦਾਈ।' ਜਿਹੜੇ ਨਾਮ ਦੀ ਗੁਰਬਾਣੀ ਵਿੱਚ ਇੰਨੀ ਉਸਤਤ ਕੀਤੀ ਹੈ ਉਹ ਨਾਮ ਅਸੀਂ ਵੀ ਜਪ ਕੇ ਸੁਖੀ ਹੋ ਜਾਈਏ। ਇਸ ਕਰਕੇ ਜਿਹੜੇ ਤੁਸੀਂ ਇੱਥੇ ਬੈਠੇ ਹੋ, ਜਿਹੜੇ ਨਹੀਂ ਆਏ ਉਹਨਾਂ ਨੂੰ ਵੀ ਅਰਜ਼ ਬੇਨਤੀ ਕਰਿਆ ਕਰੋ, ਪਿਆਰ ਨਾਲ ਸਮਝਾ ਕੇ ਝਗੜਨਾ ਨਹੀਂ ਕਿਸੇ ਨਾਲ, ਮਾੜਾ ਨਹੀਂ ਬੋਲਣਾ ਕਿਸੇ ਨਾਲ। ਸਾਰੇ ਅੰਮ੍ਰਿਤ ਵੇਲੇ ਉੱਠ ਕੇ ਜ਼ਰੂਰ ਆਇਆ ਕਰੋ।

ਪਹਿਲਾ ਸਟੈਪ ਇਹ ਹੈ ਕਿ ਆਪਾਂ ਇਥੇ ਆ ਗਏ। ਕੋਈ ਹੁਕਮ ਮੰਨ ਕੇ ਆ ਗਿਆ, ਕੋਈ ਪਿਆਰ ਨਾਲ ਆ ਗਿਆ, ਕੋਈ ਚਾਅ ਨਾਲ ਆ ਗਿਆ। ਦੂਜਾ ਅਸੀਂ ਬੜੇ ਜੋਰ ਨਾਲ ਯਾਦ ਰੱਖੀਏ ਕਿ ਇਥੇ ਆਪਾਂ ਆਏ ਕਿਸ ਲਈ ਹਾਂ। ਬਹੁਤੀ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਅਸੀਂ ਇਥੇ ਆਉਂਦੇ ਹਾਂ ਪਰ ਸਾਡਾ ਮਨ ਇਥੇ ਨਹੀਂ ਹੁੰਦਾ। ਕਿਸੇ ਦਾ ਪੰਜਾਬ ਪਹੁੰਚਿਆ ਹੁੰਦਾ ਕਿਸੇ ਦਾ ਹਰਿਆਣੇ ਕਿਸੇ ਦਾ ਘਰ ਤੇ ਕੋਈ ਸੋਚਦਾ ਹੋਵੇਗਾ ਮੈਂ ਕੀ ਸੌਦਾ ਲਿਆਉਣਾ ਸੀ। ਅਸੀਂ ਯਤਨ ਕਰੀਏ ਸਾਡਾ ਮਨ ਨਾਮ ਵਿਚ ਲੱਗੇ। ਪਹਿਲੀ ਗੱਲ ਅਸੀਂ ਰਸਨਾ

ਹਿਲਾ ਕੇ ਭਜਨ ਕਰੀਏ। ਕਈ ਵਾਰ ਸੱਚੇ ਪਾਤਸ਼ਾਹ ਕੋਲ ਬੈਠੇ ਹੋਣਾ ਸੱਚੇ ਪਾਤਸ਼ਾਹ ਨੇ ਕਹਿਣਾ ਕਾਕਾ ਤੇਰੀ ਰਸਨਾ ਨਹੀਂ ਹਿੱਲ ਰਹੀ ਕਿਥੇ ਗਵਾਚਿਆ ਹੈਂ? ਅਸੀਂ ਇਥੇ ਆ ਕੇ ਨਾਮ ਜੱਪਦੇ ਹੋਈਏ। ਅਸੀਂ ਯਤਨ ਕਰੀਏ ਸਾਡਾ ਦੋ-ਦੋ, ਚਾਰ-ਚਾਰ ਮਿੰਟ ਮਨ ਟਿਕ ਜਾਵੇ ਤੇ ਮਨ ਸਤਿਗੁਰਾਂ ਦੇ ਚਰਨਾਂ ਵਿੱਚ ਲੱਗ ਜਾਵੇ। ਬਹੁਤੀ ਵਾਰ ਇਹ ਹੁੰਦਾ ਹੈ ਕਿ ਮਨ ਸਾਡਾ ਸੈਰਾਂ ਕਰਦਾ ਫਿਰਦਾ ਹੈ। ਇਹ ਮਾਇਆ ਇੰਨੀ ਪ੍ਰਬਲ ਹੈ ਇਕ ਜਾਣਾ ਮਰੀ ਜਾਂਦਾ ਹੈ ਦੂਜਾ ਪਲੈਨ ਬਣਾ ਰਿਹਾ ਹੈ। ਆਪਾਂ ਨੂੰ ਭੁੱਲਿਆ ਪਿਆ ਹੈ ਕਿ ਆਪਾਂ ਇਥੋਂ ਜਾਣਾ ਹੈ। ਇਹ ਗੱਲ ਤਾਂ ਆਪਾਂ ਅੱਗੇ ਦੀ ਕਰਦੇ ਹਾਂ ਪਰ ਨਾਮ ਜਪ ਕਿ ਤਾਂ ਇਥੇ ਵੀ ਸੁੱਖ ਹੋ ਜਾਂਦਾ ਹੈ। ਆਪਾਂ ਵੇਖਿਆ ਹੈ ਪਿਛਲੇ ਦਿਨਾਂ ਵਿੱਚ ਕਿੰਨੇ ਐਕਟਰਾਂ ਨੇ ਆਤਮ ਹੱਤਿਆ ਕਰ ਲਈ ਹੈ। ਕੀ ਉਹਨਾਂ ਕੋਲ ਪੈਸੇ ਦੀ ਕਮੀ ਸੀ ? ਪੈਸਾ ਤਾਂ ਉਹਨਾਂ ਕੋਲ ਬਹੁਤ ਸੀ ਪਰ ਮਨ ਕਰਕੇ ਸੁੱਖ ਨਹੀਂ ਸੀ। ਮਨ ਕਰਕੇ ਤਾਂ ਸੁੱਖ ਸੰਗਤ ਵਿੱਚ ਹੀ ਹੁੰਦਾ ਹੈ। ਸਿੱਖੀ ਦੇ ਦੋ ਵੱਡੇ ਆਧਾਰ ਨੇ ਗੁਰਬਾਣੀ ਅਤੇ ਨਾਮ। ਇਕ ਗੱਲ ਮੈਂ ਕਹਿ ਦਿਆਂ ਜੇ ਸਿੱਖੀ ਨੂੰ ਸਮਝਣਾ ਹੈ ਤਾਂ ਸੱਚੇ ਪਾਤਸ਼ਾਹ ਦੇ ਉਪਦੇਸ਼ ਧਿਆਨ ਨਾਲ ਸੁਣ ਕੇ ਸਮਝਣ ਨਾਲ ਸਾਨੂੰ ਸਿੱਖੀ ਦਾ ਪਤਾ ਲੱਗਦਾ ਹੈ। ਬੜੀ ਚੰਗੀ ਗੱਲ ਹੈ ਕਿ ਕੁਝ ਬੱਚੇ ਗੁਰਬਾਣੀ ਪੜ੍ਹਦੇ ਨੇ, ਆਸਾ ਦੀ ਵਾਰ ਵਿੱਚ ਨਾਲ ਗਾਉਂਦੇ ਹਨ ਪਰ ਇਸ ਤੋਂ ਅਗਲਾ ਸਟੈਪ ਹੈ ਕਿ ਗੁਰਬਾਣੀ ਦੀ ਕੋਈ ਇਕ ਤੁਕ ਸਮਝਣ ਦੀ ਕੋਸ਼ਿਸ਼ ਕਰੋ। ਗੁਰਬਾਣੀ ਨਾਲ ਜੁੜ ਕੇ ਸਾਡੇ ਸਾਰੇ ਝਗੜੇ ਮੁੱਕ ਜਾਂਦੇ ਹਨ। ਸਤਿਗੁਰੂ ਜੀ ਕਹਿੰਦੇ ਸਨ ਕਿ ਪਹਿਲੀ ਗੱਲ ਅਸੀਂ ਗੁਰਬਾਣੀ ਪੜ੍ਹਦੇ ਨਹੀਂ ਬਸ ਮੱਥਾ ਟੇਕ ਕੇ ਹੀ ਗੱਲ ਖਤਮ ਕਰ ਲੈਂਦੇ ਹਾਂ। ਦੂਜੀ ਗੱਲ ਜੇ ਅਸੀਂ ਗੁਰਬਾਣੀ ਪੜ੍ਹਦੇ ਹਾਂ ਤੇ ਗਰੀਬ ਨਿਵਾਜ ਜੀ ਬਚਨ ਕਰਦੇ ਸੀ ਕਿ ਕਿਸੇ ਮੀਲ ਪੱਥਰ ਤੇ ਲਿਖਿਆ ਹੈ ਕਿ ਇਹ ਰਸਤਾ ਕਟਾਣੀ ਨੂੰ ਜਾਂਦਾ ਹੈ ਜੇ ਅਸੀਂ ਉਸ ਰਸਤੇ ਤੇ ਤੁਰੀਏ ਹੀ ਨਾ ਫਿਰ ਪਹੁੰਚ ਜਾਵੋਗੇ? ਉਸ ਰਸਤੇ ਤੇ ਤੁਰਨ ਦੀ ਲੋੜ ਹੈ। ਗੁਰਬਾਣੀ ਸਾਨੂੰ ਰਾਹ ਦੱਸਦੀ ਹੈ। ਪਹਿਲੀ ਸਟੇਜ ਹੈ ਕਿ ਗੁਰਬਾਣੀ ਸਿੱਖੀਏ, ਦੂਜੀ ਹੈ ਗੁਰਬਾਣੀ ਦਾ ਮਤਲਬ ਸਮਝੀਏ, ਤੀਜੀ ਸਟੇਜ ਹੈ ਉਸ ਨੂੰ ਆਪਣੀ ਜਿੰਦਗੀ ਵਿੱਚ ਲਾਗੂ ਕਰੀਏ। ਕੀ ਅਸੀਂ ਗੁਰਬਾਣੀ ਨੂੰ ਮਨ ਵਿੱਚ ਵਸਾ ਸਕਦੇ ਹਾਂ। ਕਦੀ ਮਨ ਵਿੱਚ ਈਰਖਾ ਆਵੇ ਤਾਂ ਯਾਦ ਆ ਜਾਵੇ

'ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ'

ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹਨ ਕਿ ਜਿਸ ਦੇ ਅੰਦਰ ਈਰਖਾ ਉਸਦਾ ਕਦੇ ਭਲਾ ਨਹੀਂ ਹੁੰਦਾ। ਫਿਰ ਗੁਰਬਾਣੀ ਵਿੱਚ ਆਉਂਦਾ ਹੈ-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥

ਭਾਵ ਮੈਨੂੰ ਸਾਧ ਸੰਗਤ ਮਿਲ ਗਈ ਮੇਰੀ ਈਰਖਾ ਸਮਾਪਤ ਹੋ ਗਈ। ਆਪਾਂ ਸਾਧ ਸੰਗਤ ਵਿਚ ਆਉਂਦੇ ਹਾਂ ਕਿ ਆਪਾਂ ਆਪਣੇ ਮਨ ਵਿੱਚ Reflect ਕਰ ਸਕਦੇ ਹਾਂ ਕਿ ਸਾਡੇ ਅੰਦਰੋਂ ਈਰਖਾ ਖਤਮ ਹੋ ਗਈ। ਕਿਸੇ ਨੂੰ ਚੰਗਾ ਵੇਖ ਕੇ ਸਾਡੇ ਅੰਦਰ ਈਰਖਾ ਨਹੀਂ ਆਉਂਦੀ। ਜੇ ਨਹੀਂ ਆਉਂਦੀ ਤਾਂ ਬੜੀ ਚੰਗੀ ਗੱਲ ਹੈ ਜੇ ਆਉਂਦੀ ਹੈ ਤਾਂ ਆਪਾਂ ਮੁਕਾ ਦਈਏ। ਗੁਰਬਾਣੀ ਸਾਨੂੰ ਹਰ ਥਾਂ ਰਸਤਾ ਦਸਦੀ ਹੈ। ਉਸ ਰਸਤੇ ਤੇ ਤੁਰ ਕੇ ਅਸੀਂ ਸੁਖੀ ਹੋ ਸਕਦੇ ਹਾਂ।

ਸਤਿ ਸ੍ਰੀ ਅਕਾਲ

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ
## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

ਗੱਲ ਇੰਜ ਹੋਈ, ਸਾਡੇ ਗੁਆਂਢ ਹੀ, ਦਾਤਾ ਗੰਜ ਬਖਸ਼ ਦਾ ਦਰਬਾਰ ਸੀ। ਪਿਤਾ ਜੀ ਦਾ ਇੱਕ ਜਾਣਕਾਰ 500/- ਅਮਾਨਤ ਧਰਨ ਲਈ ਆ ਗਿਆ : ਮੈਂ ਹੱਜ ਤੇ ਚੱਲਿਆਂ ਹਾਂ। ਪਤਾ ਨਹੀਂ ਮਹੀਨਾ ਲੱਗੇ ਕਿ ਦੋ ਮਹੀਨੇ ਲੱਗਣ, ਆਵਾਂਗਾ ਅਤੇ ਲੈ ਲਵਾਂਗਾ।

ਪਿਤਾ ਜੀ ਨੇ ਪੈਸੇ ਲੈ ਕੇ ਗਿਣੇ ਤੇ ਨਾਲ ਹੀ ਇਹ ਗੇਨਤੀ ਵੀ ਸਾਫ ਹੋ ਗਈ ਕਿ ਦਾਤਾ ਗੰਜ ਬਖ਼ਸ਼ ਨਾਲ ਗੁਰੂ ਕੀ ਏਂਗੜੀ ਪੇਂਗੜੀ ਜ਼ਰੂਰ ਮਿਲਦੀ ਹੈ ਕਿਵੇਂ ਬੰਦਾ ਰਕਮ ਦੇ ਕੇ ਭੇਜ ਦਿੱਤਾ ਸੂ।

ਸੱਚੇ ਪਾਤਸ਼ਾਹ ਗੁਰੂ ਹਰੀ ਸਿੰਘ ਜੀ ਦਾ ਤੇ ਸਾਧ ਸੰਗਤ ਦਾ ਲੰਗਰ ਹੋਇਆ, ਉਤਾਰਾ ਹੋਇਆ, ਤਦ ਤੋਂ ਲੈ ਕੇ ਪਾਕਿਸਤਾਨ ਬਣਨ ਤੱਕ ਲਾਹੌਰ ਵਿੱਚ ਪੱਥਰਾਂ ਵਾਲਿਆਂ ਦਾ ਘਰ ਸਾਧ ਸੰਗਤ ਦੇ ਉਤਾਰੇ ਦਾ ਮਨਭਾਂਦਾ ਸਥਾਨ ਸੀ।

ਫਿਰ ਸਤਿਗੁਰੂ ਜੀ ਦੀ ਜਿਉਂ ਮਿਹਰ ਹੋਈ ਸਾਡੇ ਘਰ ਤੇ ਅਸੀਂ ਵੀ ਜੁਆਨ ਹੋਏ ਤੇ ਕੰਮ ਵਿੱਚ ਹੱਥ ਵਟਾਣ ਲੱਗੇ। ਪੱਥਰ ਬਾਹਰਲੇ ਸੂਬਿਆਂ-ਰਾਜਸਥਾਨ ਤੋਂ ਖਾਸ ਕਰ ਮੰਗਵਾਣਾ, ਕੋਠੀਆਂ ਬੰਗਲਿਆਂ ਵਿੱਚ ਲਗਵਾਣਾ ਅਤੇ ਵਾਧੂ ਖੱਟੀ ਹੋਈ।

**ਸਭ ਕੁਛ ਗੁਰੂ ਕਾ** – ਸਾਡੇ ਪਾਸ ਤਿੰਨ ਅਹਾਤੇ ਸਨ ਲਾਹੌਰ ਭਾਦੀ ਦਰਵਾਜੇ, ਇੱਕ ਵਿੱਚ ਨਾਮਧਾਰੀ ਸੰਗਤ ਦਾ ਲੰਗਰ ਨਿਸ਼ਚਿਤ ਹੋ ਗਿਆ। ਦੂਜੇ ਵਿੱਚ 'ਧਰਮਸਾਲਾ ਸਤਿਗੁਰੂ ਰਾਮ ਸਿੰਘ' ਖੁਲ੍ਹ ਗਈ। ਤੀਜਾ ਘਰੋਗੀ ਵਰਤੋਂ ਲਈ ਸੀ। ਜਦੋਂ ਗੁਰਦੁਆਰਿਆਂ ਤੇ ਅਕਾਲੀ ਕਬਜ਼ਿਆਂ ਦੀ ਲਹਿਰ ਚੱਲੀ ਤਾਂ ਸਾਡੀ ਧਰਮਸਾਲਾ ਨੂੰ ਵੀ ਕਬਜ਼ਾ ਕਰਨ ਆਏ। ਅਸਾਂ ਕਹਿਆ : ਲੈ ਲਓ ਧਰਮਸਾਲਾ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਧਰਮਸਾਲਾ ਹੈ, ਜੇ ਕਬਜ਼ਾ ਕਰੋਗੇ ਤਾਂ ਇਹਨਾਂ ਸਤਿਗੁਰਾਂ ਨੂੰ ਵੀ ਮੰਨੋਗੇ। ਸਾਡਾ ਕੀ ਹੈ, ਜੇ ਤੁਸੀਂ ਵੀ ਗੁਰੂ ਪੀਰ ਵਾਲੇ ਹੋ ਜਾਓ ਤੇ ਦਸਵੇਂ ਤੋਂ ਅੱਗੇ ਲੰਘ ਤੁਰੋ। ਕਬਜ਼ਾ ਕਰੂ ਜਥੇ ਨੂੰ ਛੇਤੀ ਹੀ ਸਮਝ ਆ ਗਈ। ਨਾਮਧਾਰੀ ਸਾਧ ਸੰਗਤ ਨੇ, ਸ੍ਰੀ ਸਤਿਗੁਰੂ ਜੀ ਨੇ ਸਦਾ ਹੀ ਸੰਤ ਧਿਆਨ ਸਿੰਘ ਦੇ ਘਰ ਨੂੰ ਆਪਣਾ ਘਰ ਸਮਝਿਆ। ਸਿੱਖਾਂ ਸਾਧਾਂ ਦੇ ਜਥੇ ਆਉਂਦੇ ਜਾਂਦੇ ਹੀ ਰਹਿੰਦੇ।

ਸ. ਕਰਤਾਰ ਸਿੰਘ ਨੇ ਬੜੇ ਰਉਂ ਨਾਲ ਉਪਰੋਕਤ ਵਾਰਤਾ, ਜੁ ਸਾਡੇ ਇਤਿਹਾਸ ਨਾਲ ਸੰਬੰਧਿਤ ਹੈ, ਸੁਣਾਈ। ਨਵੀਂ ਪੀਹੜੀ ਨੂੰ ਮੇਰਾ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਸੇ ਕਰਤਾਰ ਸਿੰਘ ਦੀਆਂ ਦੋ ਸੁੰਦਰ ਤੇ ਸੁਸ਼ੀਲ ਭੈਣਾਂ ਗੁਰੂ ਘਰ ਦੇ ਲਾਲ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਘਰ ਦਾ ਸ਼ਿੰਗਾਰ ਬਣੀਆਂ ਅਤੇ ਇਹਨਾਂ ਦੇ ਕਾਰਨ ਹੀ, ਪੜ੍ਹੀਆਂ ਲਿਖੀਆਂ ਤੇ ਸ਼ਹਿਰਨਾਂ ਬੀਬੀਆਂ ਹੋਣ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਛੋਟੇ ਭਾਈ ਲਾਹੌਰ ਨਿਵਾਸੀ ਬਣੇ।

ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਦੇਸ਼ ਭਗਤੀ ਤਾਂ ਘੁੱਟੀ ਵਿੱਚ ਹੀ ਮਿਲੀ ਹੋਈ ਸੀ, ਲਾਹੌਰ ਸ਼ਹਿਰ ਦੇਸ ਅਤੇ ਪੰਜਾਬ ਦੀ ਕਾਂਗ੍ਰਸ ਦਾ ਪ੍ਰਮੁੱਖ ਮੰਚ ਹੋਣ ਕਰਕੇ ਇੰਡੀਅਨ ਨੈਸ਼ਨਲ ਕਾਂਗ੍ਰਸ ਵਿੱਚ ਦੋਵੇਂ ਭਰਾ ਨਾਮਧਾਰੀਆਂ ਦੇ ਨੁਮਾਇੰਦਿਆਂ ਵਜੋਂ ਕੁੱਦ ਪਏ। ਮਹਾਰਾਜ ਗੁਰਦਿਆਲ ਸਿੰਘ ਜੀ ਵਧੀਆ ਅੰਗਰੇਜ਼ੀ ਲਿਖ-ਪੜ੍ਹ ਲੈਂਦੇ ਸਨ। ਉਨ੍ਹਾਂ ਕੂਕਾ ਆਊਟ ਬਰੇਕ ਦਸਤਾਵੇਜ਼ਾਂ ਦੇ ਆਧਾਰ ਤੇ ਗੁਰੂ ਰਾਮ ਸਿੰਘ ਅਤੇ ਨਾਮਧਾਰੀ ਸ਼ਹੀਦਾਂ ਦੀਆਂ ਕਰਨੀਆਂ ਦੀ ਐਸੀ ਜ਼ੋਰਦਾਰ ਤੇ ਸਮੇਂ ਅਨੁਕੂਲ ਵਿਆਖਿਆ ਕੀਤੀ ਕਿ ਜਦੋਂ ਮਹਾਰਾਜ ਜੀ ਨੇ ਕਲਕੱਤਾ ਸੈਸ਼ਨ ਵਿੱਚ ਨਾਮਧਾਰੀ ਸਿੱਖਾਂ ਦੀ ਸੁਤੰਤਰਤਾ ਵਿੱਚ ਭੂਮਿਕਾ ਨੂੰ ਪੇਸ਼ ਕੀਤਾ ਤਾਂ ਲੀਡਰ ਲੋਕਾਂ ਵੀ ਮੂੰਹ ਵਿੱਚ ਉਂਗਲਾਂ ਪਾ ਲਈਆਂ।

ਲਾਹੌਰ ਵਿੱਚ ਜੇਲ੍ਹ ਰੋਡ ਤੇ ਪੱਥਰਾਂ ਵਾਲਿਆਂ ਦੀ ਕੋਠੀ ਵੀ 1947 ਤੱਕ ਨਾਮਧਾਰੀ ਹੈੱਡ ਕੁਆਰਟਰ ਤੇ ਰੇਸ ਕੋਰਸ ਦੇ ਘੋੜਿਆਂ ਲਈ ਗੁਰੂ ਕਾ ਟਿਕਾਣਾ ਰਹੀ।

ਕਰਤਾਰ ਸਿੰਘ ਜੀ ਨੇ ਗੁਰੂ ਹਰੀ ਸਿੰਘ ਸਮੇਂ ਦਾ ਇੱਕ ਹੋਰ ਬਿਰਤਾਂਤ ਸੁਣਾਇਆ : ਮੇਰੇ ਦਾਦਾ ਸ. ਬੂਟਾ ਸਿੰਘ ਜੀ ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਆਪ ਬਚਨ ਕੀਤਾ : ਮੇਰਾ ਦਮਦਮਾ ਬਣਾਈਂ। ਸ. ਬੂਟਾ ਸਿੰਘ ਬੜੇ ਸਿਦਕੀ ਸਿੱਖ ਸਨ। ਗਲੋਟੀਆਂ ਤਹਿਸੀਲ ਡਸਕਾ ਸਾਡੇ ਵਡੇਰਿਆਂ

ਦਾ ਜਨਮ ਨਗਰ ਸੀ। ਗਲੋਟੀਆਂ ਦੇ ਰਾਮਗੜ੍ਹੀਆ ਖਾਨਦਾਨ ਗੁਰੂ ਰਾਮ ਸਿੰਘ ਜੀ ਤੋਂ ਗੁਰੂ ਘਰ ਦੇ ਪ੍ਰੇਮੀ ਚਲੇ ਆ ਰਹੇ ਸਨ। ਮੇਰੇ ਦਾਦਾ ਜੀ ਨੇ ਪਹਿਲਾਂ ਤਾਂ ਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ ਇੱਕ ਥੜਾ ਬਣਾਇਆ। ਫੇਰ ਇੱਕ ਮਮਟੀ ਜਿਹੀ ਉਸਾਰੀ, ਪਰ ਇਹ ਸਾਧ ਸੰਗਤ ਨੂੰ ਯੋਗ ਨ ਜਾਪੀ। ਫੇਰ ਆਪਣੇ ਭਰਾਵਾਂ ਤੋਂ ਜ਼ਮੀਨ ਵੱਖ ਕਰਵਾ ਕੇ ਉਸ ਥਾਂ ਧਰਮਸਾਲਾ ਬਣਾ ਦਿੱਤੀ ਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ। ਫਿਰ ਸਾਧ ਸੰਗਤ ਦਾ ਏਥੇ ਆਵਾ-ਗਮਨ ਸ਼ੁਰੂ ਹੋ ਗਿਆ। ਅੱਜ ਕੱਲ ਹੁਸ਼ਿਆਰਪੁਰ ਵਿੱਚ ਰਹਿੰਦੇ ਭਾਈ ਮੰਗਲ ਸਿੰਘ ਜੀ ਨੇ ਅੱਧੀ ਆਯੂ ਏਥੇ ਹੀ ਸੇਵਾ ਕੀਤੀ 'ਜੋ ਜੀਅ ਆਵੇ ਸੁ ਰਾਜੀ ਜਾਵੇ' ਇਹੋ ਆਦਰਸ਼ ਸੀ ਭਾਈ ਮੰਗਲ ਸਿੰਘ ਜੀ ਦਾ। (ਭਾਈ ਮੰਗਲ ਸਿੰਘ ਜੀ ਸਪੁੱਤਰ ਸੰਤ ਕਰਮ ਸਿੰਘ, ਪਿੰਡ ਵੱਡੀਆਂ ਗਲੋਟੀਆਂ ਦੇ ਸਨ। ਆਪ ਦੇ ਦਾਦਾ ਸੰਤ ਝੰਡਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਵੇਲੇ ਨਾਮਧਾਰੀ ਸਿੰਘ ਸਜੇ। ਆਪ ਦੇ ਦਾਦਾ ਜੀ ਦੇ ਭਰਾ, ਲੱਖਾ ਸਿੰਘ, ਦੂਲਾ ਸਿੰਘ ਧੌਂਕਲ ਦਾ ਟੱਲ ਤੋੜ ਕੇ ਲਿਆਏ ਸਨ। ਭਾਈ ਜੀ ਦੇ ਛੋਟੇ ਭਰਾ ਸ੍ਰ. ਧਿਆਨ ਸਿੰਘ ਜੀ ਨਾਮਧਾਰੀ ਦਰਬਾਰ ਦੇ ਪ੍ਰਧਾਨ ਰਹੇ। ਭਾਈ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਆਖਰੀ ਦਿਨਾਂ ਵਿੱਚ ਸ੍ਰੀ ਭੈਣੀ ਸਾਹਿਬ ਰਹੇ।) ਪਿੱਛੋਂ ਅੱਗੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਲੰਗਰ ਦੀ ਸੇਵਾ ਇਹ ਲੰਮਾ ਚਿਰ ਕਰਦੇ ਰਹੇ, ਅਜੇ ਵੀ ਚੰਗੀ ਬਿਰਧ ਅਵਸਥਾ ਵਿੱਚ ਕਾਇਮ ਨੇ।

**ਗੁਰੂ ਕਾ ਬੁਲਾਵਾ –**

ਅਸੀਂ ਤਿੰਨੇ ਜਣੇ, ਸੇਠ ਪਿਆਰਾ ਸਿੰਘ ਬੈਂਕੋਕ ਦੇ ਕੋਲ ਸੁੱਤੇ ਪਇਆਂ, ਸ੍ਰੀ ਸਤਿਗੁਰੂ ਜੀ ਦੇ ਬੈਠਣ ਕਮਰੇ ਵਿੱਚ ਇਸ ਪੁਰਾਣੇ ਇਤਿਹਾਸ ਨੂੰ ਦੁਹਰਾ ਰਹੇ ਸਾਂ ਕਿ ਸ੍ਰੀ ਹਜ਼ੂਰ ਦੇ ਕਮਰਿਓਂ ਓਥੇ ਪਹੁੰਚਣ ਦਾ ਸੁਨੇਹਾ ਕਰਤਾਰ ਸਿੰਘ ਜੀ ਲਈ ਆ ਗਿਆ। ਸ੍ਰੀ ਸਤਿਗੁਰੂ ਜੀ ਆਪਣੇ ਮੰਜੇ ਤੇ ਸੁਸ਼ੋਭਤ ਸਨ, ਸੰਤ ਤਰਸੇਮ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬਾ, ਬਲਦੇਵ ਸਿੰਘ ਸੇਵਾ ਵਿੱਚ ਸਨ ਕਿ ਸ. ਕਰਤਾਰ ਸਿੰਘ ਜੀ ਨੇ ਚਰਨੀਂ ਸੀਸ ਝੁਕਾ ਕੇ ਇੱਕ ਖ਼ਾਕੀ ਲਿਫ਼ਾਫ਼ੇ ਵਿੱਚੋਂ 5000/- ਕੱਢ ਕੇ ਮੱਥਾ ਟੇਕ ਦਿੱਤਾ।

ਮੈਂ ਪੁੱਛ ਲਿਆ : ਇਹ ਏਨੀ ਰਕਮ ਕਿਸ ਭਾਵਨਾ ਅਧੀਨ! ਸਰਦਾਰ ਜੀ ਬੋਲੇ : ਮੈਂ ਕੌਣ ਹਾਂ ਦੇਣ ਵਾਲਾ! ਮਾਇਆ ਤਾਂ ਸਾਰੀ ਸਤਿਗੁਰਾਂ ਦੀ ਹੈ। ਅਸੀਂ ਸਗੋਂ ਇਹਨਾਂ ਤੋਂ ਲੈ ਕੇ ਹੀ ਵਰਤਦੇ ਹਾਂ। ਮੈਨੂੰ ਤਾਂ ਕੋਈ ਆਪਣੀ ਚਲਾਕੀ ਜਾਂ ਮਿਹਨਤ ਨਾਲ ਬਣੀ ਨਹੀਂ ਜਾਪਦੀ, ਆਪ ਜੀ ਦੀ ਬਖਸ਼ਿਸ਼ ਤੇ ਮਿਹਰ ਸਦਕਾ ਹੀ ਅਸੀਂ ਏਸ ਆਯੂ ਵਿੱਚ ਵੀ ਸੁੱਖ ਭੋਗ ਰਹੇ ਹਾਂ। ਫਿਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਕਰਤਾਰ ਸਿੰਘ ਕਹਿੰਦਾ ਸੀ ਭੈਣੀ ਸਾਹਿਬ ਆਉਂਦਾ ਹਾਂ, ਮੈਂ ਹੀ ਰੋਕ ਦਿੱਤਾ। ਹੁਣ ਮੇਰਾ ਜੀ ਕਰਦਾ ਸੀ ਕਿ ਮੈਂ ਸਹਿਜ ਭਾ, ਚੁੱਪ-ਚੁਪੀਤਿਆਂ ਹੀ ਇਹਨਾਂ ਦੀ ਕੋਠੀ ਜਾ ਨਿਕਲਦਾ, ਪਰ ਇਹ ਤਾਂ ਮੇਰੇ ਨਾਲੋਂ ਵੀ ਕਾਹਲਾ ਨਿਕਲਿਆ।

**ਕਿਸ਼ੋਰਾਵਸਥਾ ਦੀ ਯਾਦ –** ਫਿਰ ਸੱਚੇ ਪਾਤਸ਼ਾਹ ਜੀ ਨੇ ਕਰਤਾਰ ਸਿੰਘ ਦੇ ਦਾਮਾਦ ਤੇ ਸ. ਮਹਾਂ ਸਿੰਘ ਜੀ ਦੇ ਸਪੁੱਤ੍ਰ ਸ. ਦਲਜੀਤ ਸਿੰਘ ਨੂੰ ਮਿਲਦੇ ਗਿਲਦੇ ਰਹਿਣ ਲਈ ਆਖਿਆ ਅਤੇ ਇਸ ਦੌਰਾਨ ਮੈਂ ਸ. ਧਿਆਨ ਸਿੰਘ ਤੇ ਉਨ੍ਹਾਂ ਦੇ ਪਿਤਾ ਸ. ਬੂਟਾ ਸਿੰਘ ਜੀ ਦੀ ਪਿੱਛੇ ਦੱਸੀ ਵਾਰਤਾ ਆਪ ਜੀ ਦੇ ਧਿਆਨ ਵਿੱਚ ਲਿਆਉਣ ਲੱਗਾ ਤਾਂ ਗੁਰੂ ਕੇ ਬਚਨਾਂ ਨੂੰ ਸਤਿਕਾਰ ਦਿੰਦਿਆਂ ਆਪ ਜੀ ਬਿਸਤਰਾ ਛੱਡ ਕੇ ਹੇਠ ਫਰਸ਼ ਤੇ ਬੈਠ ਗਏ। ਆਪ ਜੀ ਦੇ ਆਸਣ ਦੇ ਤੌਰ ਤੇ ਸਲੀਪਰਾਂ ਹੇਠਲਾ ਬਸਤਰ ਹੀ ਸੀ।

ਮੈਂ ਉਪ੍ਰੋਕਤ ਘਟਨਾਵਾਂ ਤੋਂ ਪਿੱਛੋਂ ਸ. ਦਲਜੀਤ ਸਿੰਘ ਦੇ ਵੱਡੇ ਭਰਾ ਸ. ਚਰਨਜੀਤ ਸਿੰਘ ਦੀ ਪੁਰਾਣੀ ਯਾਦ ਬਿਆਨ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਨੂੰ ਭੀ ਆਪਣੀ ਕਿਸ਼ੋਰ ਅਵਸਥਾ ਵਿੱਚ ਵਾਪਰੀ ਘਟਨਾ ਅਤੇ ਉਸ ਵਿੱਚ ਸ. ਚਰਨਜੀਤ ਸਿੰਘ ਦਾ ਰੋਲ ਯਾਦ ਆ ਗਿਆ। ਆਪ ਜੀ ਨੇ ਸਿਮ੍ਰਤੀ ਪਟ ਖੋਲ੍ਹੇ : ਢੇਰਾਂ ਚਿਰ ਪਹਿਲਾਂ ਦੀ ਗੱਲ ਹੈ, ਅਸੀਂ (ਨਾਲ ਹੋਰ ਵੀ ਕਈ) ਸ਼ਿਮਲੇ ਗਏ। ਏਥੇ ਸੱਚੇ ਪਾਤਸ਼ਾਹ ਜੀ ਦੇ ਰੇਸ ਦੇ ਘੋੜੇ ਸਨ। ਅਸੀਂ ਪੈਦਲ ਹੀ ਉਪਰੋਂ ਹੇਠਾਂ ਨੂੰ ਉੱਤਰੇ ਤਾਂ ਵੇਖਿਆ ਕਿ ਇੱਕ ਢਲਵਾਣ ਤੇ ਕਿਸੇ ਥੋੜ੍ਹੇ ਜਿੰਨੇ ਅੜਾ ਨਾਲ ਅੜਿਆ ਕੋਈ ਚਾਰ ਕੁ ਫੁੱਟ ਚੌੜਾ ਛੇ ਫੁੱਟ ਉੱਚਾ ਪੱਥਰ ਜੁੱਗਾਂ ਤੋਂ ਓਸੇ ਥਾਂ ਅਡਿੱਗ ਖਲੋਤਾ ਹੈ। ਅਸੀਂ 4-5 ਜਣੇ ਲੱਗ ਕੇ ਪੱਥਰ ਨੂੰ ਧੱਕਣ ਲੱਗੇ ਪਰ ਉਹ ਤਾਂ ਹਿੱਲਣ ਦਾ ਨਾਂ ਨਾ ਲਏ। ਥੱਲੇ ਖੱਡ ਦੀ ਕਾਫੀ ਡੂੰਘੀ ਗਹਿਰਾਈ ਸੀ। ਅਸੀਂ ਇਸਨੂੰ ਹੇਠਾਂ ਡੇਗ ਕੇ ਇਹ ਦੀ ਮਾਰਧਾੜ ਤੇ ਸ਼ਕਤੀ ਦਾ ਨਜ਼ਾਰਾ ਲੈਣਾ ਚਾਹੁੰਦੇ ਸਾਂ। ਜ਼ਿਦ ਵਿੱਚ ਪੈ ਕੇ ਸੱਬਲਾਂ ਮੰਗਵਾ ਲਈਆਂ, ਦੋ ਚਾਰ ਬੰਦੇ ਵੀ ਧੱਕਣ ਨੂੰ ਹੋਰ ਸੱਦ ਲਏ। ਥੱਲੇ ਜ਼ਮੀਨ ਖੋਦਦਿਆਂ ਵੇਖ ਕਿਸੇ ਪਹਾੜੀਏ ਰੋਕਿਆ : ਕੀ ਕਰਦੇ ਓ? ਛੱਡੋ ਇਸਨੂੰ! ਚਰਨਜੀਤ ਸਿੰਘ ਤੁਰਤ ਬੋਲਿਆ : ਹੇਠਾਂ ਸੱਪ ਲੁਕ ਗਿਆ ਹੈ, ਉਹੋ ਕੱਢਣ ਲੱਗੇ ਹਾਂ। ਪਹਾੜੀ ਆਪਣੇ ਰਾਹ ਪੈ ਗਿਆ।

ਅਸੀਂ ਉਹ ਬੜਾ ਭਾਰਾ ਪੱਥਰ ਡੇਗਣ ਵਿੱਚ ਕਾਮਯਾਬ

ਹੋ ਗਏ। ਜਿਉਂ ਹੀ ਅਸਾਂ ਛੱਡਿਆ ਪੱਥਰ, ਉਹ ਤਾਂ ਤਾਬੜ ਤੋੜ ਮਾਰੋ ਮਾਰ ਕਰਦਾ ਹੇਠਾਂ ਨੂੰ ਰਿੜਨ ਲੱਗਾ। ਸਾਨੂੰ ਸੁਆਦ ਬੜਾ ਆ ਰਿਹਾ ਸੀ। ਇੱਕ ਤਾਂ ਅਸੀਂ ਉਸਨੂੰ ਉਖਾੜਨ ਵਿੱਚ ਸਫਲ ਹੋ ਗਏ, ਦੂਜਾ ਉਹ ਜਿਦ੍ਹੇ ਤੇ ਪੈਂਦਾ ਖੜਾਕ ਤੇ ਤਬਾਹੀ ਕਰਦਾ ਅੱਗੇ ਵਧੀ ਗਿਆ। ਚੀਲ ਦੇ ਇੱਕ ਬਹੁਤ ਵੱਡੇ ਰੁੱਖ ਦੇ ਉਸਨੇ ਤਿੰਨ ਟੁਕੜੇ ਕਰ ਦਿੱਤੇ। ਅਰਥਾਤ ਜਿੱਥੇ ਵੱਜਾ ਓਥੋਂ ਉਪਰ ਦੋ ਟੋਟੇ ਹੋ ਗਏ ਅਤੇ ਇੱਕ ਹੀ ਹੋਰ ਹੇਠ ਆਏ ਦੋ ਚੀਲ ਰੁੱਖ ਬੁਰੀ ਤਰ੍ਹਾਂ ਟੁੱਟੇ ਫੁੱਟੇ। ਅਨੰਦ ਸਾਡੇ ਦਾ ਕੋਈ ਪਾਰਾਵਾਰ ਨਹੀਂ ਸੀ।

**ਪਰਵਾਰ ਮੈਂਬਰਾਂ ਨਾਲ –** ਉਂ ਤਾਂ ਇਹ ਵੀ ਆਪਣਾ ਤੇ ਸੰਬੰਧੀਆਂ ਤੋਂ ਪਰਵਾਰ ਸੀ ਪਰ ਥੋੜ੍ਹੇ ਚਿਰ ਪਿੱਛੋਂ, ਏਸੇ, ਸਤਿਗੁਰੂ ਜੀ ਦੇ ਆਰਾਮ ਕਮਰੇ ਵਿੱਚ, ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਸਾਹਬਜ਼ਾਦੇ ਸ. ਬਿਸ਼ੇਸ਼ਰ ਸਿੰਘ ਬਲ੍ਹੋ ਜੀ ਸ੍ਰੀ ਸਤਿਗੁਰੂ ਜੀ ਦੇ ਚਰਨੀਂ ਆ ਲੱਗੇ। ਪਿੱਛੇ ਪਿੱਛੇ ਇਹਨਾਂ ਦੀ ਸੁਪਤਨੀ ਬੀਬੀ ਬਲਜੀਤ ਕੌਰ ਨੇ ਵੀ ਆ ਮੱਥਾ ਟੇਕਿਆ। ਦਰ-ਦੁਆਰ ਦੇ ਪਾਸ ਠਾਕੁਰ ਉਦੇ ਸਿੰਘ ਜੀ ਅਤੇ ਬੀਬੀ ਗੁਰਸ਼ਰਨ ਕੌਰ ਜੀ ਵੀ ਖਲੋਤੇ ਹੋਏ ਸਨ। ਸਤਿਗੁਰੂ ਜੀ ਨੇ ਸਾਰਿਆਂ ਪ੍ਰਤੀ ਸਨੇਹ ਜਤਲਾ ਕੇ ਬੈਠਣ ਲਈ ਕਿਹਾ ਤਾਂ ਬਲ੍ਹੋ ਜੀ ਨੇ ਬੇਨਤੀ ਕੀਤੀ ਕਿ ਨਵ-ਗ੍ਰਹਿ ਵਿਖੇ ਚਰਨ ਪਾਏ ਜਾਣ ਅਤੇ ਜੇ ਸਮਾਂ ਨਾ ਹੋਵੇ ਤਾਂ ਥਾਈਲੈਂਡੋਂ ਆਣ ਕੇ ਸਹੀ। ਬੀਬੀ ਨੇ ਆਖਿਆ : ਨਹੀਂ, ਸੱਚੇ ਪਾਤਸ਼ਾਹ ਜੀ ਅੱਜ ਹੀ ਦਰਸ਼ਨ ਦਿਓ ਭਾਵੇਂ ਦਸ ਮਿੰਟ ਲਈ ਹੀ। ਫੇਰ ਆਓਗੇ ਤਾਂ ਪਾਠ ਕਰਵਾ ਲਵਾਂਗੇ। ਬਲ੍ਹੋ ਜੀ ਕਹਿਣ, ਜਿਵੇਂ ਆਪ ਜੀ ਨੂੰ ਠੀਕ ਜਾਪੇ। ਬੀਬੀ ਬੋਲੀ : ਹੋਮ ਮਨਿਸਟਰੀ ਮੇਰੇ ਪਾਸ ਹੈ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ : ਬਲ੍ਹੋ ਜੀ ਵੀ ਮੇਰੇ, ਹੋਮ ਮਨਿਸਟਰੀ ਵੀ ਮੇਰੀ; ਮੇਰੀ ਮਰਜ਼ੀ ਹੈ, ਬੈਂਕੋਕ ਤੋਂ ਵਾਪਸੀ ਤੇ ਹੀ ਘਰ ਜਾਈਏ!

ਲਗਭਗ ਇਉਂ ਜਾਪਿਆ ਕਿ ਬੀਬੀ ਬਲਜੀਤ ਦੇ ਕੀਤੇ ਹੋਏ ਪਾਠ ਦਾ ਭੋਗ ਵੀ ਅਤੇ ਗੁਰੂ ਕੇ ਚਰਨ ਵੀ ਥਾਈਲੈਂਡ ਵਾਪਸੀ ਤੇ ਪੈਣਗੇ।

**ਕੈਂਸਰ ਦੇ ਮਰੀਜ਼ ਬਾਰੇ –** ਸਕੱਤਰ ਨੇ ਬੇਨਤੀ ਕੀਤੀ ਕਿ ਸੰਗਤ ਉਪਰ ਵੀ ਅਤੇ ਹੇਠਾਂ ਵੀ ਦਰਸ਼ਨ ਲਈ ਅਰਜ਼ ਕਰਦੀ ਹੈ ਕਿਰਪਾ ਕਰੋ। ਸੱਚੇ ਪਾਤਸ਼ਾਹ ਜੀ ਕਮਰਿਓਂ ਬਾਹਰ ਆਏ ਤਾਂ ਪਿੰਡ ਕਰੀਵਾਲਾ ਜ਼ਿਲ੍ਹਾ ਸਰਸਾ ਦੇ ਸੰਤ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਕਮਜ਼ੋਰ ਕਾਇਆ ਸਾਂਵਲੀ ਸੁਪਤਨੀ ਸੁਰਿੰਦਰ ਕੌਰ ਅਤੇ ਸਾਫ ਰੰਗ, ਚਿੱਟੇ ਵਾਲ ਸੰਤ ਪਿਆਰਾ ਸਿੰਘ ਸਪੁਤ੍ਰ ਸੰਤ ਬਘੇਲ ਸਿੰਘ ਖਿਆਲੀ (ਅਮ੍ਰਿਤਸਰ) ਖਲੋਤੇ ਹੋਏ ਸਨ।

ਸ੍ਰੀ ਸਤਿਗੁਰੂ ਜੀ ਨੇ ਇਹਨਾਂ ਦੀ ਨਮਸਕਾਰ ਪ੍ਰਵਾਨ ਕਰਕੇ ਮੈਨੂੰ ਦੱਸਿਆ : ਬੀਬੀ ਸੁਖਦੇਵ ਸਿੰਘ ਦੇ ਘਰੋਂ ਹੈ। ਇਸਨੂੰ ਕੈਂਸਰ ਹੋ ਗਿਆ ਸੀ। ਡਾ. ਮੂਸਾ ਦੇ ਇਲਾਜ ਨਾਲ ਰੋਗ ਨਵਿਰਤੀ ਹੋ ਗਈ। ਹੁਣ ਦੁਬਾਰਾ ਹਮਲਾ ਹੋ ਗਿਆ ਹੈ, ਡਾ. ਮੂਸਾ ਨਾਲ ਵਿਚਾਰ ਕਰਾਂਗੇ। ਇਹ ਸੁਖਦੇਵ ਸਿੰਘ 'ਤਾਰਾ ਤੂਰ ਤੂਰ ਤਰਾਨਾ' ਤਾਰਾ ਸਿੰਘ, ਸੁੰਦਰ ਸਿੰਘ ਪੁਜਾਰੀ ਤਰਨਤਾਰਨ ਦਾ ਭਤੀਜਾ ਹੈ। ਇਹ ਪਿਆਰਾ ਸਿੰਘ, ਰਾਗੀ ਸੁਜਾਨ ਸਿੰਘ ਦਾ ਵੱਡਾ ਭਰਾ ਹੈ ਅਤੇ ਸੁਖਦੇਵ ਸਿੰਘ ਦਾ ਸਹੁਰਾ ਹੈ।

ਸੁਖਦੇਵ ਸਿੰਘ ਬੋਲਿਆ : ਦੀਨ ਦਿਆਲ ਕੈਂਸਰ ਤੋਂ ਤਾਂ ਵਾਹਵਾ ਆਰਾਮ ਆ ਗਿਆ ਸੀ ਫੇਰ ਖਉਰੇ ਦਵਾਈਆਂ ਦੇ ਅਸਰ ਜਾਂ ਗਰਮੀ ਵਿੱਚ ਬੇਆਰਾਮੀ ਕਾਰਨ ਪੀਲੀਆ ਹੋ ਗਿਆ। ਹੁਣ ਦੋਹਾਂ ਤਕਲੀਫਾਂ ਦੀ ਸ਼ਿਕਾਰ ਹੈ ਆਪ ਜੀ ਦੀ ਕਿਰਪਾ ਹੋਵੇ।

ਸੱਚੇ ਪਾਤਸ਼ਾਹ ਬਚਨ ਕੀਤਾ : ਮੂਸਾ ਆਉਂਦਾ ਹੈ, ਤਾਂ ਸਲਾਹ ਕਰਕੇ ਅਗਲਾ ਇਲਾਜ ਸ਼ੁਰੂ ਕਰਵਾਂਦੇ ਹਾਂ।

ਸਤਿਗੁਰੂ ਜੀ ਹੇਠਾਂ ਉੱਤਰੇ ਤਾਂ ਜਿੰਨੀ ਕੁ ਸੰਗਤ ਦਰਸ਼ਨਾਂ ਵਾਸਤੇ ਖਲੋਤੀ ਸੀ, ਸਭ ਨੂੰ ਕਿਰਤਾਰਥ ਕੀਤਾ। ਮੈਂ ਨਾਲ ਨਹੀਂ ਗਿਆ। ਛੇਤੀ ਵਾਪਸੀ ਹੋ ਗਈ। ਅੱਜ ਗੁਰੂ ਕਾ ਲੰਗਰ ਕਰੋਲ ਬਾਗ ਵਿੱਚ ਸ. ਸੁਰਿੰਦਰ ਸਿੰਘ ਮਨਚੰਦਾ ਦੇ ਘਰ ਸੀ, 10.30 ਵਜੇ ਜਥੇ ਸਮੇਤ ਮਨਚੰਦਾ ਦੇ ਘਰ ਪ੍ਰਸ਼ਾਦ ਛਕਣ ਪਧਾਰੇ।

**ਬੜਾ ਬੁਰਾ ਹਾਲ ਹੈ –** ਮੈਂ ਗ੍ਰਾਊਂਡ ਫਲੋਰ ਵਿੱਚ ਗਿਆ ਤਾਂ ਇੱਕ ਭਾਰੀ ਭਰਕਮ ਸਰੀਰ, ਮੋਟੀਆਂ ਮੋਟੀਆਂ ਅੱਖਾਂ ਵਾਲੇ ਪ੍ਰੌਢ ਵਿਅਕਤੀ ਨੂੰ ਆਪਣੇ ਵੱਲ ਦਿਲਚਸਪੀ ਨਾਲ ਤੱਕਦਿਆਂ ਵੇਖ ਪੁੱਛ ਬੈਠਾ : ਕੀ ਹਾਲ ਹੈ? ਉਤਰ ਮਿਲਿਆ : ਬੜਾ ਬੁਰਾ ਹਾਲ ਹੈ! 'ਕਿਉਂ?' 'ਦੋਬਾਰਾ ਰਿਫਿਊਜ਼ੀ ਹੋ ਗਏ ਹਾਂ। 26 ਜੁਲਾਈ ਦੇ ਦੰਗਿਆਂ ਵਿੱਚ ਮੇਰੀ ਦੁਕਾਨ ਲੁੱਟੀ ਸਾੜੀ ਗਈ ਹੈ, ਹੱਥਲ ਹੋ ਗਏ ਹਾਂ। ਕੀ ਕਰੀਏ, ਕੋਈ ਸੁਣਵਾਈ ਨਹੀਂ। ਜਨਕਪੁਰੀ ਵਿੱਚ ਮੇਰੀ ਜੂਸ ਦੀ ਦੁਕਾਨ ਸੀ ਅਤੇ ਉਸਨੇ ਕੁਛ ਫੋਟੋਗ੍ਰਾਫ਼ ਵਖਾਏ। ਦੁਕਾਨ ਦੇ ਮੂਹਰੇ 'ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ' ਲਿਖਿਆ ਹੋਇਆ ਸੀ।

(ਚਲਦਾ......)

# A Saga Of
# Sri Satguru Jagjit Singh Ji

**Dr. Sharada Jayagovind**

Once a young man came to Satguru Partap Singh ji and said:
"I have been doing naam simran for some time but I have not benefited from it."

Satguru Partap Singh ji asked him:
"For how long have you been doing jap?"
"Two months," said the youngster

Satguru ji replied:

"Young man, you have spent sixteen years in school and college to procure a post graduate degree. But in the case of mam simran you have no patience to wait. How do you expect the prayers to vield results within two months? You need to love God and call Him sincerely. He will respond to your prayers."

Spiritual Activities

Satguru Jagjit Singh ji always stressed that the Namdhari community's progress in economic and social sphere is founded on its spiritual strength. Under his guidance the following spiritual feats were accomplished.

One lakh twenty-five thousand recitations of Sri Adi Granth Sabib were performed thrice during the time of Satguru Jagjit Singh ji. Patsha ji organized one lakh twenty-five thousand recitations of Chandi Di Vaar and held batans five times. His Holiness increased the number of Akhand Varnis to sixteen from the two started by Satguru Partap Singhji.

Satguru Jagjit Singh ji also expanded the annual jap paryog in different parts of the world including India, Thailand, Africa, England, Germany, America, Canada and Australia. Patsha ji started continuous naam, jap paryog in Sri Bhaini Sahib for the return of Satguru Ram Singh ji.

Patshaji used to take part in all these spiritual activities and set an example for others to emulate. He would get up at one o'clock in the morning and start meditation at two o'clock and then attendthe Asa Di Vaar at four o'clock. He used to recite baanis everyday. He made it compulsory for all Namdharis to do one hour of naam simran daily. Each family had to perform

one paath of Adi Granth Sahibor Dasam Granth Sahib every month. He said the community's prosperity is directly linked with their spiritual empowerment.

Satguru Jagjit Singh ji visited the Namdhari sangat scattered all over the world and inspired them to follow the maryada and promote the values of peace and co-existence in alien lands. During his time, several Hola Melas were held in all parts of India and abroad.

Vegetarianism

Patshaji followed and promoted vegetarianism with missionary zeal. Once Patshaji had gone to the studio of All India Radio (AIR) to record an interview. After the interview, just before leaving, Patshaji advised the anchor:

Please give up eating meat and become a vegetarian."

He quoted from scriptures to show how killing animals for our own pleasure and taste is wrong. He used to say:

"Imagine if animals began to kill and cat us!"

Patshaji quoted from the Gurbani and said that meat eating is not allowed in Sikhism.

Once, a lion caught a goat and the goat began to laugh. The lion asked the goat why he was laughing. The goat replied:

"I eat only grass and look at my fate. What will be the condition of you who is killing others and eating meat?"

Before Independence, cows were transported to Calcutta for slaughter. Patshaji would go with a group of young men and buy those cows and send them to Sri Bhaini Sahib or Sri Jiwan Nagar to be taken care of.

Many a time, Patsha ji brought cows which would be old, beyond the age of vielding milk or working on the farm. When someone questioned him why he bought those cows which would yield him nothing, Patshaji answered:

"One day, your parents will grow old. Will you sell them or drive them out? Is it not your duty to take care of them?"

**to be continued**

# ਰਾਮਦਾਸਹੁ ਅਰਜਣੁ ਗੁਰੂ

- ਨਿਸ਼ਾਨ ਸਿੰਘ ਕਥਾਵਾਚਕ

ਸ੍ਰੀ ਗੁਰੂ ਨਾਨਕ ਰਾਜ ਦੇ ਚੌਥੇ ਜਾਂ-ਨਸ਼ੀਨ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤ੍ਰ ਆਗਮਨ ਸੋਢੀ ਕੁਲ-ਭੂਸ਼ਣ ਬਾਬਾ ਹਰਿਦਾਸ ਜੀ ਦੇ ਗ੍ਰਿਹ ਮਾਤਾ ਅਨੂਪੀ (ਦਯਾ ਕੌਰ) ਜੀ ਦੀ ਪਾਵਨ ਕੁੱਖ ਤੋਂ ਕੱਤਕ ਵਦੀ 2 ਮੁਤਾਬਿਕ 26 ਅੱਸੂ 1591 ਬਿ. (24 ਸਤੰਬਰ 1534 ਈ.) ਨੂੰ ਚੂਨਾ ਮੰਡੀ ਲਹੌਰ ਵਿਖੇ ਹੋਇਆ। ਮਾਤਾ ਪਿਤਾ ਨੇ ਨਾਮ ਜੇਠਾ ਰੱਖਿਆ। ਕਰਤੇ ਦੀ ਰਜ਼ਾ ਅਨੁਸਾਰ ਕੇਵਲ 7 ਸਾਲ ਦੀ ਬਾਲ ਉਮਰ ਵਿੱਚ ਹੀ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਮੁਸ਼ਕਿਲ ਦੇ ਇਸ ਸਮੇਂ ਵਿੱਚ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਕੋਲ ਪਿੰਡ ਬਾਸਰਕੇ ਲੈ ਆਈ। ਯਾਦ ਰਹੇ ਕਿ ਇਸੇ ਨਗਰ ਦੇ ਹੀ ਬਾਬਾ ਅਮਰਦਾਸ ਜੀ ਸਿੱਖ ਧਰਮ ਦੇ ਤੀਜੇ ਪਾਤਸ਼ਾਹ ਬਣੇ। ਇਹ ਉਹੋ ਹੀ ਦਿਨ ਸਨ ਜਦੋਂ ਬੀਬੀ ਅਮਰੋ ਜੀ ਤੋਂ ਗੁਰਬਾਣੀ ਸੁਣਕੇ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਚਰਨ-ਸ਼ਰਨ ਵਿੱਚ ਖਡੂਰ ਸਾਹਿਬ ਗਏ ਸਨ। ਜੇਠਾ ਜੀ ਆਪਣੇ ਜੀਵਨ ਨਿਰਬਾਹ ਲਈ ਘੁੰਙਣੀਆਂ ਵੇਚਦੇ ਸਨ। ਆਪ ਜੀ ਵੀ ਪਹਿਲਾਂ ਖਡੂਰ ਸਾਹਿਬ ਅਤੇ ਫਿਰ ਗੋਇੰਦਵਾਲ ਵੱਸਣ ਕਰਕੇ ਉਥੇ ਚਲੇ ਗਏ। 1552 ਈ. ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਬਾਬਾ ਅਮਰਦਾਸ ਜੀ ਨੂੰ ਗੁਰਗੱਦੀ ਬਖ਼ਸ਼ ਕੇ ਦੇਹ ਦਾ ਓਹਲਾ ਕਰ ਗਏ। ਪੂਰਬਲੇ ਸੰਯੋਗਾਂ ਸਦਕਾ ਜੇਠਾ ਜੀ ਦਾ ਵਿਆਹ ਸ੍ਰੀ ਗੁਰੂ ਅਮਰਦਾਸ ਜੀ ਦੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਨਾਲ ਹੋਇਆ, ਜਿਨ੍ਹਾਂ ਦੀ ਕੁੱਖੋਂ ਗੋਇੰਦਵਾਲ ਵਿਖੇ ਹੀ ਤਿੰਨ ਸਪੁੱਤਰਾਂ ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਜੀ ਦਾ ਜਨਮ 1615 ਬਿ. ਵਿੱਚ ਅਤੇ ਬਾਬਾ ਮਹਾਂਦੇਵ ਜੀ ਦਾ ਜਨਮ 4 ਹਾੜ 1617 ਬਿ. ਸੰਮਤ ਨੂੰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ 15 ਅਪ੍ਰੈਲ 1563 ਈ. (ਵਿਸਾਖ ਵਦੀ 7, 1620 ਬਿ.) ਨੂੰ ਪ੍ਰਗਟੇ। ਜੇਠਾ ਜੀ ਨੇ ਸੰਸਾਰਿਕ ਰਿਸ਼ਤਿਆਂ ਅਤੇ ਦੁਨਿਆਵੀ ਇਛਾਵਾਂ ਤੋਂ ਉਪਰ ਉੱਠ ਕੇ ਦੋ ਦਹਾਕੇ ਤੋਂ ਵੱਧ ਸਮਾਂ ਗੁਰੂ ਹੁਕਮ ਅਨੁਸਾਰ ਸੇਵਾ ਕੀਤੀ। ਭੱਟ ਨਲ੍ਹ ਜੀ ਆਪਣੀ ਬਾਣੀ ਵਿੱਚ ਲਿਖਦੇ ਹਨ ਕਿ:

ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।

ਭਾਵ- ਸ੍ਰੀ ਗੁਰੂ ਅਮਰਦਾਸ ਜੀ ਨੇ ਰਜ਼ਾ ਵਿੱਚ ਖਰਾ ਉਤਰਨ ਵਾਲੇ ਸ੍ਰੀ ਜੇਠਾ ਜੀ ਦੀ ਸੇਵਾ ਤੇ ਪ੍ਰਸੰਨ ਹੋ ਉਨ੍ਹਾਂ ਨੂੰ ਕੇ 2 ਅੱਸੂ ਸੰਮਤ 1631 ਮੁਤਾਬਿਕ 1 ਸਤੰਬਰ 1574 ਨੂੰ ਨਾਨਕ ਰਾਜ ਦੇ ਚੌਥੇ ਪਾਤਸ਼ਾਹ ਦੇ ਰੂਪ ਵਿੱਚ ਸੁਭਾਇਮਾਨ ਕੀਤਾ। ਸ੍ਰੀ ਗੁਰ ਪ੍ਰਤਾਪ ਸੂਰਜ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਅਨੁਸਾਰ ਤੀਜੇ ਪਾਤਸ਼ਾਹ ਨੇ ਆਪਣੇ ਪਿਆਰੇ ਜੇਠਾ ਜੀ ਨੂੰ ਗੁਰਗੱਦੀ ਦੇ ਨਾਲ ਨਾਲ ਆਪਣੀ ਉਮਰ ਵਿਚੋਂ 6 ਸਾਲ 11 ਮਹੀਨੇ 18 ਦਿਨ ਦੀ ਉਮਰ ਵੀ ਬਖਸ਼ਿਸ਼ ਕੀਤੀ। ਬਚਨ ਕੀਤਾ:

ਹੇ ਸੁਤ! ਤੇਰੀ ਅਵਧ ਬਿਤਾਈ॥
ਮੈਂ ਅਬਿ ਜਾਨ ਲੀਨਿ ਅਗੁਵਾਈ।
............................
ਅਬ ਖਟ ਬਰਖ ਇਕਾਦਸ਼ ਮਾਸ।
ਦਯੋਸ ਅਸ਼ਟ ਦਸ ਸ਼ੇਸ਼ ਰਹਾਸ।
ਸੋ ਅਪਨੀ ਹਮ ਤੁਮ ਕੋ ਦੀਨਸਿ॥
ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਿਸ॥੧੩॥

ਰਾਸ-੧, ਅੰਸੂ ੬੭

ਆਪ ਜੀ ਦੇ ਗੁਰਗੱਦੀ ਬਿਰਾਜਣ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਿਮ ਉਪਦੇਸ਼ ਨੂੰ ਬਾਬਾ ਸੁੰਦਰ ਜੀ ਨੇ ਰਾਮਕਲੀ ਸੱਦ ਵਿੱਚ ਬੜੇ ਸੁੰਦਰ ਸ਼ਬਦਾਂ ਵਿੱਚ ਜ਼ਿਕਰ ਕੀਤਾ ਹੈ-

ਆਪ ਜੀ ਲਿਖਦੇ ਹਨ:

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ।

ਇਸ ਵਕਤ ਹੁਕਮ ਵਿੱਚ ਸਾਬਤ ਰਹਿਣ ਵਾਲੇ ਗੁਰਸਿਖਾਂ ਨੇ ਤਾਂ ਹੁਕਮ ਦੀ ਕਾਰ ਵਿੱਚ ਰਹਿੰਦਿਆਂ ਹੋਇਆਂ ਗੁਰੂ ਰਾਮਦਾਸ ਜੀ ਦੇ ਚਰਨੀਂ ਸਿਰ ਝੁਕਾ ਦਿੱਤਾ, ਪਰ ਜਦੋਂ ਗੁਰੂ-ਪੁੱਤਰ ਮੋਹਨ ਜੀ ਨੂੰ ਸਿਰ ਝੁਕਾਉਣ ਲਈ ਹੁਕਮ ਹੋਇਆ ਤਾਂ ਉਹ ਕੱਪੜਿਆਂ ਤੋਂ ਬਾਹਰ ਹੋ ਗਿਆ। ਲੱਗਾ ਅਬ੍ਹਾ ਤਬ੍ਹਾ ਬੋਲਣ। ਕਹਿਣ ਲੱਗਾ ਕਿ ਗੁਰੂ ਜੀ, ਉਸਦੀ ਵਸਤੂ, ਜੋ ਉਨ੍ਹਾਂ ਦੀ ਮਾਲਕੀ ਸੀ, ਉਹ ਜੇਠੇ ਨੂੰ ਦੇ ਕੇ ਫਿਰ ਉਸਨੂੰ ਸਿਰ ਝੁਕਾਉਣ ਲਈ ਕਹਿ ਰਹੇ ਹਨ। ਹੱਕ ਖੋਹਣ ਵਾਲੇ ਨੂੰ ਸਿਰ ਨਹੀਂ ਝੁਕਾਇਆ ਜਾ ਸਕਦਾ। ਇਸ ਤਰ੍ਹਾਂ ਬੋਲ-ਬੋਲ ਕੇ ਮੋਹਨ ਕਮਲਿਆਂ ਵਰਗਾ ਹੋ ਗਿਆ।

ਦੂਜੇ ਪਾਸੇ ਮੋਹਰੀ ਜੀ ਨੇ ਗੁਰੂ ਪਿਤਾ ਦਾ ਇਸ਼ਾਰਾ

ਪਾ ਕੇ ਉਸੇ ਵੇਲੇ ਗੁਰੂ ਰਾਮਦਾਸ ਜੀ ਦੇ ਚਰਨੀਂ ਸੀਸ ਨਿਵਾ ਦਿੱਤਾ। ਬਾਬ ਸੁੰਦਰ ਜੀ ਲਿਖਦੇ ਹਨ:

ਮੋਹਰੀ ਪੁਤੁ ਸਨਮੁਖੁ ਹੋਇਆ
ਰਾਮਦਾਸੈ ਪੈਰੀ ਪਾਇ ਜੀਉ ॥

ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸਤਿਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਅਤੇ ਇਸ ਤਰ੍ਹਾਂ ਖੁਸ਼ੀਆਂ ਬਖਸ਼ੀਆਂ:

ਸੁਨਿ ਗੁਰ ਜੁਤਿ ਸਭਿ ਭਏ ਪ੍ਰਸੰਨ ॥
ਪੁੱਤ੍ਰ ਮੋਹਰੀ ਤੂੰ ਬਡ ਧੰਨ ॥
ਸਭਿ ਤੇ ਸ੍ਰੇਸਟ ਬੁਧਿ ਉਦਾਰੇ ॥
ਮਿਲਯੋ ਸਦਾ ਤੂੰ ਸੰਗ ਹਮਾਰੇ ॥ ੪੪ ॥
ਦੋਹਰਾ: ਭਯੋ ਸਭਿਨਿ ਕੋ ਮੋਹਰੀਮ ਨਾਮ ਮੋਹਰੀ ਤੋਹਿ ॥
ਕੀਨੋ ਸਾਰਥ ਸੋ ਅਬਹਿ ਮਮ ਅਭੇਦਤਾ ਹੋਹਿ ॥ ੪੫ ॥

ਚੌਪਈ: ਇੱਕੀ ਕੁਲ ਹੁਇ ਸੰਤ ਉਧਾਰੇ ॥
ਤੁਮ ਨੇ ਬਯਾਲੀ ਜਗ ਨਿਸਤਾਰੇ ॥
...........................
ਧਰਮ ਰਾਇ ਕੇ ਨਿਕਟ ਨ ਜੈਹੋ ॥
ਪੰਥ ਅਪਰ ਹੀ ਹਮ ਢਿਗ ਐਹੋ ॥
ਤੂੰ ਮਮ ਸਿੱਖ ਪੁਨੀਤ ਸੁ ਭਯੋ ॥
ਸਿੱਖੀ ਪਦ ਮੈਂ ਤੋ ਕਹੁ ਦਿਯੋ ॥ ੪੮ ॥

ਸ੍ਰੀ ਗੁਰੂ ਰਾਮਦਾਸ ਜੀ ਨੇ ਜਿੱਥੇ ਇੱਕ ਗੁਰਸਿੱਖ ਸੇਵਕ ਦੇ ਰੂਪ ਵਿੱਚ ਕਠਿਨ ਘਾਲ ਘਾਲੀ, ਉੱਥੇ ਗੁਰੂ ਰੂਪ ਵਿੱਚ ਪ੍ਰਗਟ ਹੋ ਕੇ ਗੁਰੂ ਹੁਕਮ ਅਨੁਸਾਰ ਸ੍ਰੀ ਅੰਮ੍ਰਿਤਸਰ ਵਾਲੇ ਸਥਾਨ ਉਪਰ ਇਕ ਪਿੰਡ ਬੰਨ੍ਹਿਆ, ਨਾਮ ਰੱਖਿਆ 'ਗੁਰੂ ਕਾ ਚੱਕ'। ਆਪਣੇ ਰਹਿਣ ਵਾਸਤੇ ਮਕਾਨ ਬਣਵਾਏ, ਜੋ ਅੱਜ ਵੀ 'ਗੁਰੂ ਕੇ ਮਹਿਲ' ਨਾਂ ਤੋਂ ਜਾਣੇ ਜਾਂਦੇ ਹਨ। ਮਹਿਲਾਂ ਦੇ ਚੜ੍ਹਦੇ ਪਾਸੇ ਦੁਖਭੰਜਨੀ ਬੇਰੀ ਕੋਲ 1634 ਬਿ. ਵਿੱਚ ਇਕ ਤਾਲ ਖੁਦਵਾਉਣਾ ਸ਼ੁਰੂ ਕੀਤਾ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ।

ਆਪ ਜੀ ਦੀ ਕਿਰਪਾ ਨਾਲ ਅਨੇਕਾਂ ਜੀਅ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ-ਜਹਾਜ਼ 'ਤੇ ਸਵਾਰ ਹੋ ਕੇ ਭਵਸਾਗਰ ਤੋਂ ਪਾਰ ਹੋਏ। ਆਪ ਜੀ ਨੇ 30 ਰਾਗਾਂ ਵਿੱਚ ਬਾਣੀ ਰਚੀ। ਆਪ ਜੀ ਨੇ 640 ਦੇ ਕਰੀਬ ਸ਼ਬਦਾਂ ਦੀ ਰਚਨਾ ਕੀਤੀ। ਪਹਿਰੇ, ਘੋੜੀਆਂ, ਕਰਹਲੇ, ਲਾਵਾਂ ਆਦਿ ਆਪ ਜੀ ਦੀਆਂ ਪ੍ਰਮੁੱਖ ਬਾਣੀਆਂ ਹਨ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਇੱਕ ਵਿਸ਼ੇਸ਼ ਪੱਖ ਇਹ ਹੈ ਕਿ ਆਪ ਜੀ ਨੇ ਅਧਿਆਤਮ ਦੇ ਨਾਲ-ਨਾਲ ਸਮੇਂ ਦੇ ਇਤਿਹਾਸ ਦਾ ਚਿਤ੍ਰਣ ਵੀ ਖ਼ੂਬ ਕੀਤਾ ਹੈ। ਬਾਬਾ ਸ੍ਰੀ ਚੰਦ ਜੀ, ਗੁਰੂ ਅੰਗਦ ਦੇਵ ਜੀ ਦੇ ਗੱਦੀ 'ਤੇ ਬੈਠਣ ਦੇ ਵੇਲੇ ਤੋਂ ਹੀ ਨਰਾਜ਼ ਹੋਏ ਹੋਏ ਸਨ। ਉਨ੍ਹਾਂ ਅਤੇ ਉਨ੍ਹਾਂ ਦੀ ਉਦਾਸੀ ਸੰਪਰਦਾ ਦੀਆਂ ਸਾਂਝਾਂ ਗੁਰੂ ਰਾਮਦਾਸ ਜੀ ਦੇ ਸਮੇਂ ਗੁਰੂ ਘਰ ਨਾਲ ਫਿਰ ਤੋਂ ਬਰ ਕਰਾਰ ਹੋ ਗਈਆਂ।

ਸਤਿਗੁਰੂ ਜੀ ਨੇ ਸਮਾਂ ਨੇੜੇ ਆਇਆ ਜਾਣ ਆਪਣਾ ਉਤਰਾਧਿਕਾਰੀ ਚੁਨਣ ਦਾ ਨਿਸ਼ਚਾ ਕੀਤਾ। ਦੇਹ ਤਿਆਗਣ ਤੋਂ ਸਾਲ-ਡੇਢ ਸਾਲ ਪਹਿਲਾਂ ਹੀ ਐਸੀ ਖੇਡ ਰਚਾਈ ਕਿ ਆਪ ਜੀ ਦੇ ਤਾਏ ਦੇ ਪੁੱਤਰ ਸਹਾਰੀ ਮੱਲ ਜੀ ਲਾਹੌਰ ਤੋਂ ਆਪ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਏ। ਸਹਾਰੀ ਮੱਲ ਜੀ ਜਿੱਥੇ ਸਤਿਗੁਰੂ ਜੀ ਦੇ ਵੱਡੇ ਭਰਾਤਾ ਸਨ, ਉੱਥੇ ਇਕ ਸਾਦਿਕ ਸਿੱਖ ਵੀ ਸਨ। ਆਪਣੇ ਲੜਕੇ ਦੀ ਸ਼ਾਦੀ ਉੱਪਰ ਗੁਰੂ ਜੀ ਨੂੰ ਦਰਸ਼ਨ ਦੇਣ ਦੀ ਅਰਜ਼ ਕਰਨ ਵਾਸਤੇ ਗੁਰੂ-ਦਰਬਾਰ ਵਿੱਚ ਹਾਜ਼ਿਰ ਹੋਏ। ਅਰਜ਼ ਕੀਤੀ ਕਿ ਗੁਰੂ ਜੀ ਦੇ ਲਾਹੌਰ ਦਰਸ਼ਨ ਦੇਣ ਨਾਲ, ਉਨ੍ਹਾਂ ਦਾ ਬਹੁਤ ਮਾਣ ਵਧੇਗਾ ਪਾਤਸ਼ਾਹ ਜੀ ਹੁਕਮ ਕੀਤਾ ਕਿ ਉਹਨਾਂ ਦੇ ਜਾਣ ਨਾਲ ਸੰਗਤਾਂ ਦਾ ਬਹੁਤ ਵੱਡਾ ਇਕੱਠ ਹੋ ਜਾਵੇਗਾ ਅਤੇ ਸਾਂਭ ਸੰਭਾਲ ਕਰਨੀ ਬਹੁਤ ਔਖੀ ਹੋ ਜਾਵੇਗੀ, ਇਸ ਲਈ ਉਹ ਆਪਣੇ ਪੁੱਤਰ ਨੂੰ ਭੇਜ ਦੇਣਗੇ।

ਪ੍ਰਿ. ਸਤਬੀਰ ਸਿੰਘ ਜੀ ਲਿਖਦੇ ਹਨ- ਇਹ ਦੇਖਣ ਨੂੰ ਤਾਂ ਬਰਾਤ ਦੀ ਗੱਲ ਹੋ ਰਹੀ ਸੀ ਪਰ ਗੁਰੂ ਜੀ ਪਰਖ ਪ੍ਰੀਖਿਆ ਵੀ ਨਾਲ ਹੀ ਕਰ ਰਹੇ ਸਨ। ਇਹ ਪ੍ਰੀਖਿਆਕਾਰ ਦੀ ਮਰਜ਼ੀ ਹੈ, ਪਰਚਾ ਸਹਿਲਾ ਪਾਵੇ ਜਾਂ ਕਰੜਾ ਪਾਵੇ। 'ਮੁਰਦਾ ਖਾਹ' ਦਾ ਵੀ ਪਰਚਾ ਸੀ। ਗੋਇੰਦਵਾਲ ਪਧਾਰੋਂ ਦਾ ਵੀ ਪਰਚਾ ਸੀ। ਥੜ੍ਹੇ ਬਣਾਉਣੀ ਪ੍ਰੀਖਿਆ ਸੀ। 'ਸੀਸ ਚਾਹੀਦੇ ਹਨ' ਕਲਗੀਧਰ ਵੱਲੋਂ ਪਰਚਾ ਹੀ ਸੀ।

ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਜੇਠੇ ਪੁੱਤਰ ਪ੍ਰਿਥੀ ਚੰਦ ਜੀ ਨੂੰ ਆਪਣੇ ਕੋਲ ਸੱਦਿਆ। ਹੁਕਮ ਕੀਤਾ, "ਇਹ ਵੱਡੇ ਭਰਾਤਾ, ਤੁਹਾਡੇ ਤਾਇਆ ਸਹਾਰੀ ਮੱਲ ਜੀ ਅਪਾਣੇ ਪੁੱਤਰ ਦੇ ਵਿਆਹ 'ਤੇ ਜਾਣ ਵਾਸਤੇ ਆਖਦੇ ਹਨ, ਮੇਰੇ ਪਾਸੋਂ ਨਹੀਂ ਜਾਇਆ ਜਾਣਾ, ਇਸ ਲਈ ਤੁਸੀਂ ਇਨ੍ਹਾਂ ਦੇ ਨਾਲ ਚਲੇ ਜਾਉ। ਇਹ ਚੱਲ ਕੇ ਆਏ ਹਨ। ਇਸ ਲਈ ਯੋਗ ਹੈ ਕਿ ਤੁਸੀਂ ਜ਼ਰੂਰ ਜਾਉ। ਉੱਥੇ ਆਪਣੇ ਸਾਰੇ ਪਰਿਵਾਰਿਕ ਜੀਅ ਇੱਕਠੇ ਹੋਣਗੇ। ਉਨ੍ਹਾਂ ਨੂੰ ਮਿਲਣ ਦੇ ਨਾਲ-ਨਾਲ ਧਰਮਸ਼ਾਲਾ ਦੀ ਵੀ ਖ਼ਬਰ ਸਾਰ ਲੈਣੀ।" ਪ੍ਰਿਥੀ ਚੰਦ ਜੀ ਨੇ ਸੋਚਿਆ ਕਿ ਉਸਦੇ ਉਥੇ ਜਾਣ ਨਾਲ ਛੋਟਾ ਭਰਾ ਉਸਦੀ ਗੈਰ-ਹਾਜ਼ਰੀ ਦਾ ਫ਼ਾਇਦਾ ਲੈ ਕੇ ਪਿਤਾ ਜੀ ਨਾਲ

ਅਤੇ ਸੰਗਤ ਨਾਲ ਸੰਬੰਧ ਵਧਾ ਲਵੇਗਾ। ਸੰਗਤਾਂ ਦਾ ਭੇਟਾ ਕੀਤਾ ਸਾਰਾ ਧਨ ਵੀ ਉਸਦੇ ਹੱਥਾਂ ਵਿੱਚ ਚਲਾ ਜਾਵੇਗਾ। ਕੀ ਪਤਾ ਗੁਰੂ ਜੀ ਉਸਨੂੰ ਗੱਦੀ ਹੀ ਦੇ ਦੇਣ। ਸੋਚ-ਸੋਚ ਕੇ ਪ੍ਰਿਥੀ ਚੰਦ ਨੇ ਆਖਿਆ, "ਸੱਚੇ ਪਾਤਸ਼ਾਹ! ਮਾਇਆ ਅਤੇ ਖਰਚ ਦੀ ਸਾਰੀ ਜ਼ਿੰਮੇਵਾਰੀ ਮੇਰੇ ਕੋਲ ਹੈ। ਆਪ ਜੀ ਤਾਂ ਬੇ-ਪਰਵਾਹ ਹੋ। ਕੋਈ ਨਫ਼ਾ-ਨੁਕਸਾਨ ਮਨ ਵਿੱਚ ਵਿਚਾਰਦੇ ਹੀ ਨਹੀਂ। ਇਸ ਲਈ ਮੇਰੀ ਇੱਥੇ ਹਾਜ਼ਰੀ ਜ਼ਰੂਰੀ ਹੈ, ਨਾਲੇ ਮੇਰੇ ਕੋਲੋਂ ਰਾਹਾਂ ਦੀ ਗਰਮੀ ਅਤੇ ਖੇਚਲ ਨਹੀਂ ਝੱਲੀ ਜਾਣੀ। ਵੈਸੇ ਵੀ ਮੈਨੂੰ ਬਹੁਤਾ ਸ਼ੋਰ-ਸ਼ਰਾਬਾ ਚੰਗਾ ਨਹੀਂ ਲੱਗਦਾ।" ਅੰਤਰਜਾਮੀ ਸਤਿਗੁਰੂ ਜੀ ਉਸਦੀ ਖੋਟ ਨੂੰ ਜਾਣਕੇ ਚੁੱਪ ਹੋ ਗਏ, ਕੋਈ ਬਚਨ ਨਹੀਂ ਕੀਤਾ। ਮਹਾਂਦੇਵ ਜੀ ਨੂੰ ਯਾਦ ਕੀਤਾ। ਉਹਨਾਂ ਨੇ ਆਣ ਕੇ ਗੁਰੂ-ਪਿਤਾ ਦੇ ਚਰਣਾਂ ਵਿੱਚ ਨਮਸਕਾਰ ਕੀਤੀ। ਸਤਿਗੁਰੂ ਜੀ ਪਹਿਲੇ ਵਾਲਾ ਹੁਕਮ ਮਹਾਂਦੇਵ ਕੋਲ ਦੁਹਰਾਇਆ ਤਾਂ:

ਸੁਨਿ ਕਰਿ ਬੋਲਯੋ ਮਸਤ ਸੁਭਾਉ॥
ਕੋ ਬੰਧੁ ਕਿ ਕੋ ਕਿਤ ਜਾਊਂ।
ਨਹਿ ਮੇਰੀ ਕਿਸ ਸਾਥ ਚਿਨਾਰੀ॥
ਨਹਿ ਚਾਹੌ ਮੈਂ ਕਰਨ ਅਗਾਰੀ॥
............................
ਮੋ ਤੇ ਨਹਿੰ ਤਹਿੰ ਜਾਯਹੁ ਜਾਇ॥
ਆਵਨ ਜਾਵਨ ਸ਼੍ਰਮ ਕੋ ਪਾਇ॥

ਦੋਵਾਂ ਪੁੱਤਰਾਂ ਦਾ ਐਸਾ ਵਿਉਹਾਰ ਵੇਖ ਕੇ ਸਤਿਗੁਰੂ ਜੀ ਨੇ ਸਭ ਤੋਂ ਛੋਟੇ ਪੁੱਤਰ ਸ੍ਰੀ ਅਰਜਨ ਦੇਵ ਜੀ ਵੱਲ ਦੇਖਿਆ। ਨੀਵੇਂ ਨੈਣ ਦੋਵੇਂ ਹੱਥ ਜੁੜੇ ਹੋਏ ਵੇਖ ਕੇ ਹੁਕਮ ਕੀਤਾ, "ਕਾਕਾ ਜੀ, ਤੁਸੀਂ ਆਪਣੇ ਤਾਇਆ ਜੀ ਨਾਲ ਚਲੇ ਜਾਉ ਅਤੇ ਵਿਆਹ ਵਿੱਚ ਸ਼ਾਮਿਲ ਹੋਵੋ। ਮਹੀਨਾ ਕੁ ਇਨ੍ਹਾਂ ਕੋਲ ਰਹਿ ਕੇ ਫਿਰ ਧਰਮਸ਼ਾਲਾ ਦਾ ਕੰਮ ਕਾਰ ਵੇਖਣਾ। ਸਮੂਹ ਸੰਗਤ ਪਾਸੋਂ ਨਾਮ ਜਪਾਉਣਾ। ਪਰ ਜਦੋਂ ਤੱਕ ਅਸੀਂ ਸੁਨੇਹਾ ਨਾ ਭੇਜੀਏ ਓਨਾ ਚਿਰ ਵਾਪਿਸ ਨਹੀਂ ਆਉਣਾ।"

"ਸਤਿ ਬਚਨ ਸੱਚੇ ਪਾਤਸ਼ਾਹ ਜੀਉ" ਸ੍ਰੀ ਅਰਜਨ ਦਾ ਉੱਤਰ ਸੀ। ਅਰਜ਼ ਕੀਤੀ, "ਪਾਤਸ਼ਾਹ!

ਇਹ ਤੋ ਸੁਗਮ ਕਾਜ ਮਹਿ ਮੋਹਿ॥
ਪਠਹੁ ਆਪ ਜਹਿੰ ਆਨੰਦ ਹੋਹਿ॥੧੧॥
ਜਹਿ ਜਾਵਨ ਮਹਿ ਜੀਵਨ ਸੰਸੈ॥
ਤਹਿ ਆਇਸੁ ਮੁਝ ਦੇਹੁ ਨਿਸੰਸੈ॥
ਦੇਰ ਨ ਕਰੋਂ ਪਿਤਾ ਜੀ ਉਹਾਂ॥
ਪ੍ਰਾਨ ਦੇਉਂ ਮੈਂ ਤੂਰਨ ਤਹਾਂ॥੧੨॥

ਇਸ ਤਰ੍ਹਾਂ ਕਹਿ ਕੇ ਸ੍ਰੀ ਅਰਜਨ ਦੇਵ ਜੀ ਮਾਤਾ-ਪਿਤਾ ਜੀ ਨੂੰ ਨਮਸਕਾਰ ਕਰ ਕੇ ਲਾਹੌਰ ਨੂੰ ਚਲੇ ਗਏ। ਹੁਣ ਪਰਖ ਪਰਚਾ ਸ਼ੁਰੂ ਹੋ ਚੁੱਕਾ ਸੀ। ਕੁੱਝ ਸਮਾਂ ਸੰਬੰਧੀਆਂ ਵਿੱਚ ਰਹਿ ਕੇ ਸ੍ਰੀ ਅਰਜਨ ਜੀ ਧਰਮਸ਼ਾਲਾ ਆ ਡੇਰਾ ਕੀਤਾ। ਸਾਧ ਸੰਗਤ ਆਉਣੀ ਜਾਣੀ ਸ਼ੁਰੂ ਹੋ ਗਈ। ਕਥਾ ਕੀਰਤਨ ਅਤੇ ਨਾਮ ਦਾ ਪ੍ਰਵਾਹ ਚੱਲਣ ਲੱਗਾ। ਸਮੇਂ ਦੇ ਬੀਤਣ ਨਾਲ ਜਿਸ ਸ੍ਰੀ ਅਰਜਨ ਜੀ ਨੇ ਇੱਕ ਘੜੀ ਦਾ ਵਿਛੋੜਾ ਵੀ ਕਦੀ ਨਹੀਂ ਸੀ ਸਹਿਆ, ਹੁਣ ਮਹੀਨੇ ਗੁਜ਼ਰ ਗਏ ਸਨ ਗੁਰੂ-ਪਿਤਾ ਤੋਂ ਵੱਖ ਹੋਇਆਂ। ਬਿਰਹਾ ਡੰਗ ਮਾਰਨ ਲੱਗੀ ਪ੍ਰੇਮ ਦੇ ਵੇਗ ਨਾਲ ਮਨ ਵਿਆਕੁਲ ਹੋ ਉਠਿਆ। ਸਤਿਗੁਰੂ ਜੀ ਦਾ ਹੁਕਮ ਉਡੀਕਦਿਆਂ-2 ਕਰੀਬ ਇੱਕ ਸਾਲ ਦਾ ਸਮਾਂ ਗੁਜ਼ਰ ਗਿਆ। ਵਿਛੋੜੇ ਦੀਆਂ ਤਿੱਖੀਆਂ ਨਸ਼ਤਰਾਂ ਨਾਲ ਵਿੰਨ੍ਹੇ ਹਿਰਦੇ ਨੂੰ ਖਾਣਾ-ਪੀਣਾ, ਸੌਣਾ, ਸੁੱਖ-ਆਰਾਮ ਸਭ ਕੁੱਝ ਭੁੱਲ ਗਿਆ। ਗੁਰੂ ਪਿਤਾ ਜੀ ਆਪਣੇ ਲਾਡਲੇ ਨੂੰ ਕਸਵੱਟੀ 'ਤੇ ਲਾ-ਲਾ ਕੇ ਪਰਖ ਰਹੇ ਸਨ। ਉਧਰੋਂ ਪ੍ਰਿਥੀ ਚੰਦ ਦਿਨ-ਰਾਤ ਸਾਹਿਬਾਂ ਦੇ ਕੋਲ ਰਹਿੰਦਾ ਅਤੇ ਸੋਚਦਾ ਹੁਣ ਕੋਈ ਚਿੰਤਾ ਨਹੀਂ, ਹੁਣ ਤਾਂ ਗੱਦੀ ਦਾ ਵਾਰਿਸ ਮੈਂ ਹੀ ਹੋਵਾਂਗਾ। ਗੱਦੀ ਤੇ ਬੈਠ ਕੇ ਮਨ-ਭਾਉਂਦੀਆਂ ਖੁਸ਼ੀਆਂ ਮਾਣਾਂਗਾ। ਸਾਰੇ ਮਸੰਦ ਵੀ ਪ੍ਰਿਥੀਚੰਦ ਦੇ ਅਨੁਸਾਰੀ ਸਨ। ਵੱਖਰਾ ਮੱਥਾ ਵੀ ਟਿਕਣ ਲੱਗ ਪਿਆ ਸੀ। ਹੰਕਾਰ ਵਿੱਚ ਮੱਤਿਆ ਹੋਇਆ ਬਹੁਤ ਵਾਰੀ ਸਤਿਗੁਰੂ ਜੀ ਦੇ ਹੁਕਮ ਨੂੰ ਵੀ ਅੱਖੋਂ ਓਹਲੇ ਕਰ ਦਿੰਦਾ। ਮਹਾਂਦੇਵ ਆਪਣੇ ਮਸਤਾਨੇ ਸੁਭਾਉ ਵਿੱਚ ਮਸਤ ਸੀ। ਸਤਿਗੁਰੂ ਜੀ ਤਾਂ ਨੇੜੇ ਦੂਰ ਵਾਲੇ ਸਭ ਦੀ ਜਾਣਦੇ ਸਨ। ਪਰ ਜਿੰਨੀ ਵੱਡੀ ਪ੍ਰਾਪਤੀ ਓਨਾ ਹੀ ਔਖਾ ਪਰਚਾ। ਇੱਕ ਵਾਰੀ ਸੋਚਦੇ ਕਿ ਦਰਸ਼ਨ ਬਿਨਾਂ ਰਿਹਾ ਨਹੀਂ ਜਾਂਦਾ, ਪਰ ਬਿਨਾਂ ਹੁਕਮ ਤੋਂ ਜਾ ਵੀ ਨਹੀਂ ਸਕਦੇ। ਹਿਰਦਾ ਅਤਿਅੰਤ ਬਿਹਬਲ ਸੀ। ਮਨ ਨੇ ਉਛਾਲਾ ਮਾਰਿਆ ਆਪਣੀ ਅੰਤਰ ਵੇਦਨਾ ਨੂੰ ਪ੍ਰਗਟ ਕਰਦੀ ਇੱਕ ਚਿੱਠੀ ਪਾਤਸ਼ਾਹ ਨੂੰ ਸੰਬੋਧਨ ਕਰਕੇ ਲਿਖੀ। ਲਿਖਿਆ ਸੀ-

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥

ਇੱਕ ਸਿੱਖ ਹੱਥ ਇਹ ਬਿਨੈ-ਪੱਤਰ ਦੇ ਕੇ ਉਸਨੂੰ ਗੁਰੂ-ਦਰ ਵੱਲ ਤੋਰਿਆ ਅਤੇ ਨਾਲ ਹੀ ਤਾਕੀਦ ਕੀਤੀ ਕਿ ਜੋ

ਹੁਕਮ ਹੋਵੇ ਉਹ ਵੀ ਲੈ ਕੇ ਆਵੇ। ਪਰ ਉਹ ਪੱਤਰ ਪ੍ਰਿਥੀ ਚੰਦ ਜੀ ਨੇ ਸਤਿਗੁਰੂ ਜੀ ਤੱਕ ਪਹੁੰਚਣ ਹੀ ਨਾ ਦਿੱਤਾ। ਕੇਵਲ ਉਹ ਪੱਤਰ ਹੀ ਨਹੀਂ ਲੁਕਾਇਆ, ਸ੍ਰੀ ਸਤਿਗੁਰੂ ਜੀ ਦੇ ਕੋਲ ਬੈਠ ਕੇ ਸ੍ਰੀ ਅਰਜਨ ਦੇਵ ਜੀ ਦੀ ਨਿੰਦਿਆ ਵੀ ਕਰਨੀ ਸ਼ੁਰੂ ਕਰ ਦਿੱਤੀ ਕਿ ਉਸ ਨੇ ਤਾਂ ਲਾਹੌਰ ਜਾ ਕੇ ਕੋਈ ਚਿੱਠੀ ਪੱਤਰ ਵੀ ਨਹੀਂ ਕੀਤਾ ਨਾ ਹੀ ਕੋਈ ਸੁਖ-ਸੁਨੇਹਾ ਭੇਜਿਆ ਹੈ। ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਤਾਂ ਉੱਥੇ ਗੁਰੂ ਬਣ ਬੈਠਾ ਹੈ, ਪਰ ਅੰਤਰਜਾਮੀ ਸਤਿਗੁਰੂ ਤਾਂ ਸਭ ਕੁੱਝ ਜਾਣਦੇ ਸਨ। ਗੁਰੂ ਅਰਜਨ ਦੇਵ ਜੀ ਨੂੰ ਸਿੱਖ ਨੇ ਵਾਪਿਸ ਜਾ ਕੇ ਦੱਸਿਆ ਕਿ ਸਤਿਗੁਰੂ ਜੀ ਕੋਲ ਚਿੱਠੀ ਪ੍ਰਿਥੀ ਚੰਦ ਜੀ ਲੈ ਕੇ ਗਏ ਸਨ ਤੇ ਬਾਹਰ ਆ ਕੇ ਸੁਨੇਹਾ ਦਿੱਤਾ ਹੈ ਕਿ ਸਤਿਗੁਰੂ ਜੀ ਨੇ ਚਿੱਠੀ ਪੜ੍ਹ ਲਈ ਹੈ ਤੇ ਹੁਕਮ ਕੀਤਾ ਕਿ ਅੰਮ੍ਰਿਤਸਰ ਸਭ ਠੀਕ ਠਾਕ ਹੈ। ਇਹ ਸੁਣਕੇ ਸ੍ਰੀ ਅਰਜਨ ਦੇਵ ਜੀ ਨੂੰ ਅਧਿਕ ਚਿੰਤਾ ਲੱਗ ਗਈ ਕਿ ਕੀ ਕਾਰਨ ਹੈ, ਗੁਰੂ ਜੀ ਨੇ ਉਸਨੂੰ ਵਿਸਾਰ ਹੀ ਦਿੱਤਾ ਹੈ? ਫਿਰ ਮਨ ਵਿੱਚ ਇੱਕ ਭਰੋਸਾ ਵੀ ਸੀ ਕਿ ਸਤਿਗੁਰੂ ਜੀ ਤਾਂ ਅੰਦਰ ਦੀ ਜਾਨਣ ਵਾਲੇ ਹਨ। ਨਾਲ ਦੀ ਨਾਲ ਇਹ ਵੀ ਸੋਚਦੇ ਕਿ ਕਿੰਨੇ ਭਾਗਾਂ ਵਾਲੇ ਹਨ, ਉਹ, ਜੋ ਗੁਰੂ ਚਰਨਾਂ ਦਾ ਆਨੰਦ ਮਾਣਦੇ ਹਨ। ਇਸ ਤਰ੍ਹਾਂ ਤੜਪਦੇ ਸਨ ਅਤੇ ਹੰਝੂਆਂ ਭਰੇ ਨੈਣਾਂ ਨਾਲ ਦੂਜਾ ਬਿਨੈ-ਪੱਤਰ ਲਿਖ ਕੇ ਇੱਕ ਸਿੱਖ ਦੇ ਰਾਹੀਂ ਪਾਤਸ਼ਾਹ ਜੀ ਵੱਲ ਭੇਜ ਦਿੱਤਾ। ਲਿਖਿਆ ਸੀ-

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ॥੨॥
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥

ਪ੍ਰਿਥੀ ਚੰਦ ਨੇ ਉਹ ਚਿੱਠੀ ਵੀ ਆਪਣੇ ਕਬਜ਼ੇ ਵਿੱਚ ਕਰ ਲਈ ਅਤੇ ਕੋਲੋਂ ਹੀ ਸੁਨੇਹਾ ਦੇ ਭੇਜਿਆ, "ਗੁਰੂ ਜੀ ਕਹਿੰਦੇ ਹਨ ਕਿ ਉੱਥੇ ਰਹਿ ਕੇ ਧਰਮਸ਼ਾਲਾ ਬਣਵਾਏ। ਸਤਿਸੰਗਤ ਦਾ ਦਰਸ਼ਨ ਹੀ ਉਹਨਾਂ ਦੇ ਦਰਸ਼ਨ ਹਨ।"

ਪ੍ਰਿਥੀ ਚੰਦ ਸੋਚ ਰਿਹਾ ਸੀ ਕਿ ਸਤਿਗੁਰੂ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਰਿਹਾ ਹੈ। ਇੱਕ ਵਾਰੀ ਕਿਸੇ ਢੰਗ ਨਾਲ ਜੇ ਗੱਦੀ ਉੱਤੇ ਕਾਬਜ ਹੋ ਗਿਆ ਤਾਂ ਫਿਰ ਉਸ ਕੋਲੋਂ ਕੋਈ ਖੋਹ ਨਹੀਂ ਸਕੇਗਾ। ਉਸ ਨੂੰ ਇੱਕੋ ਤਰੀਕਾ ਸੁਝ ਰਿਹਾ ਸੀ ਕਿ ਉਸ ਵੇਲੇ ਅਰਜਨ ਜੀ ਕੋਲ ਨਾ ਹੋਣ ਗੁਰੂ ਜੀ ਤਾਂ ਉਸ ਦੇ ਉਲਟ ਹੀ ਹਨ। ਇਸ ਲਈ ਉਨ੍ਹਾਂ ਦੇ ਜਿਉਂਦੇ ਜੀਅ ਤਾਂ ਚਿੰਤਾ ਹੀ ਹੈ। ਇਸ ਤਰ੍ਹਾਂ ਪ੍ਰਿਥੀ ਚੰਦ ਦਾਤ ਨੂੰ ਵਿਸਾਰ ਕੇ ਆਪਣੀਆਂ ਚਲਾਕੀਆਂ ਨਾਲ ਗੁਰੂ ਬਣਨ ਦੀ ਤਿਆਰੀ ਕਰੀ ਬੈਠਾ ਸੀ।

ਉਧਰੋਂ ਚਿੱਠੀ ਲਿਆਉਣ ਵਾਲੇ ਸਿੱਖ ਨੇ ਸ੍ਰੀ ਅਰਜਨ ਦੇਵ ਜੀ ਕੋਲ ਜਾ ਕੇ ਸਾਰੀ ਗੱਲ ਦੱਸੀ ਕਿ ਪ੍ਰਿਥੀ ਚੰਦ ਜੀ ਨੇ ਉਸ ਕੋਲੋਂ ਚਿੱਠੀ ਲੈ ਲਈ ਸੀ ਅਤੇ ਉਸ ਨੂੰ ਸ੍ਰੀ ਗੁਰੂ ਜੀ ਤੱਕ ਨਹੀਂ ਪਹੁੰਚਣ ਦਿੱਤਾ। ਹੋ ਸਕਦਾ ਹੈ ਕਿ ਉਸ ਨੇ ਚਿੱਠੀ ਅੱਗੇ ਪਹੁੰਚਾਈ ਹੀ ਨਾ ਹੋਵੇ। ਜਿੰਨੀ ਜਲਦੀ ਨਾਲ ਉਸ ਨੂੰ ਸ੍ਰੀ ਅੰਮ੍ਰਿਤਸਰ ਤੋਂ ਤੋਰ ਦਿੱਤਾ ਗਿਆ ਸੀ। ਉਸ ਵਿੱਚ ਉਸ ਨੂੰ ਕੋਈ ਫਰੇਬ ਭਰੀ ਚਾਲ ਮਹਿਸੂਸ ਹੁੰਦੀ ਸੀ।

ਵੈਰਾਗ ਪ੍ਰੇਮ ਨਾਲ ਸ੍ਰੀ ਅਰਜਨ ਦੇਵ ਜੀ ਨੇ ਇੱਕ ਪੱਤਰ ਫਿਰ ਲਿਖਿਆ। ਜਿਸ ਵਿੱਚ ਗੁਰੂ ਨੂੰ ਮਿਲਣ ਦੀ ਤੀਬਰ ਪਿਆਸ ਦਾ ਜ਼ਿਕਰ ਕੀਤਾ ਗਿਆ ਸੀ। ਇਸ ਤੀਜੀ ਚਿੱਠੀ ਵਿੱਚ ਲਿਖਿਆ ਸੀ-

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥

ਚਿੱਠੀ ਦੇ ਕੇ ਸਿੱਖ ਨੂੰ ਸਮਝਾਇਆ ਗਿਆ ਕਿ ਐਤਕਾਂ ਉਹ ਚੰਗੀ ਤਰ੍ਹਾਂ ਚੁਕੰਨਾ ਹੋ ਕੇ ਜਾਵੇ ਤਾਂ ਜੋ ਉਸ ਨੂੰ ਪ੍ਰਿਥੀ ਚੰਦ ਨਾ ਵੇਖ ਲਵੇ। ਨਾ ਡੇਰੇ ਜਾਣ ਦੀ ਕੋਸ਼ਿਸ਼ ਕਰੇ। ਜਦੋਂ ਗੁਰੂ ਜੀ ਸੰਗਤ ਵਿੱਚ ਸੁਭਾਏਮਾਨ ਹੋਣ ਉਦੋਂ ਹੀ ਇਹ ਚਿੱਠੀ ਉਨ੍ਹਾਂ ਦੇ ਹਵਾਲੇ ਕਰ ਦੇਵੇ। ਨਾਲੇ ਸ੍ਰੀ ਅਰਜਨ ਜੀ ਵੱਲੋਂ ਨਮਸਕਾਰ ਕਰ ਦੇਵੇ। ਸਿੱਖ ਨੂੰ ਅੰਮ੍ਰਿਤਸਰ ਵੱਲ ਭੇਜ ਕੇ ਸ੍ਰੀ ਅਰਜਨ ਜੀ ਮਨ ਹੀ ਮਨ ਅਰਜੋਈਆਂ ਕਰਨ ਲੱਗੇ।

ਰਿਦੇ ਪ੍ਰੇਮ ਕੀ ਖੈਂਚ ਬਿਸਾਲੇ॥
ਕਿਉਂ ਨਹਿੰ ਜਾਨਹੁ ਮੋਰ ਹਵਾਲੇ॥
ਦੀਨ ਬੰਧੁ ਪ੍ਰਭੁ ਅੰਤਰਜਾਮੀ॥
ਕ੍ਰਿਪਾ ਸਿੰਧੁ ਸੁਖਦਾਇਕ ਸਾਮੀ॥
ਦਿਨ ਮਹਿ ਖਾਨ ਪਾਨ ਨਹਿੰ ਭਾਵਤਿ॥
ਨਿਸ ਮਹਿੰ ਪਰੇ ਨੀਂਦ ਨਹਿੰ ਆਵਤਿ॥
ਲਖਯੋ ਨਿਲਾਇਕ ਮੋਹ ਭੁਲਾਇਵ॥
ਦਰਸ਼ਨ ਕੋ ਨਿਤ ਚਿਤ ਅਕੁਲਾਇਵ॥

ਸਿੱਖ ਚਿੱਠੀ ਲੈ ਕੇ ਗੁਰੂ ਦਰਬਾਰ ਪਹੁੰਚਿਆ। ਮੌਕਾ ਵੇਖ ਕੇ ਭਰੇ ਦਰਬਾਰ ਵਿੱਚ ਗੁਰੂ ਚਰਨਾਂ ਵਿੱਚ ਜਾ

ਨਮਸਕਾਰ ਕੀਤੀ। ਫਿਰ ਸੰਗਤ ਦੀ ਨਮਸਕਾਰ ਕਰ ਕੇ ਚਿੱਠੀ ਅੱਗੇ ਰੱਖ ਕੇ ਸ੍ਰੀ ਅਰਜਨ ਜੀ ਵੱਲੋਂ ਅਰਜ਼ ਬੇਨਤੀ ਕੀਤੀ। ਸਤਿਗੁਰੂ ਰਾਮਦਾਸ ਜੀ ਨੇ ਚਿੱਠੀ ਹਸਤ ਕਮਲਾਂ ਵਿੱਚ ਲੈ ਲਈ ਅਤੇ ਖੋਲ੍ਹ ਕੇ ਪੜ੍ਹਨ ਲੱਗੇ ਪੜ੍ਹਦਿਆਂ-ਪੜ੍ਹਦਿਆਂ ਸਤਿਗੁਰੂ ਜੀ ਦੇ ਨੇਤਰਾਂ 'ਚੋਂ ਜਲ ਵਹਿ ਤੁਰਿਆ। ਬਾਬਾ ਬੁੱਢਾ ਜੀ ਸਹਿਤ ਮੁਖੀ ਸਿੱਖਾਂ ਨਾਲ ਚਿੱਠੀ ਦੇ ਸ਼ਬਦ ਸਾਂਝੇ ਕੀਤੇ ਅਤੇ ਨਾਲ ਹੀ ਬਚਨ ਕੀਤਾ ਤਿੰਨਾਂ ਪੁੱਤਰਾਂ ਵਿੱਚੋਂ ਕੇਵਲ ਅਰਜਨ ਦੇਵ ਨੇ ਹੀ ਗੁਰਸਿੱਖੀ ਕਾਰ ਨੂੰ ਨਿਭਾਇਆ ਹੈ। ਆਗਿਆ ਵਿੱਚ ਰਹਿ ਕੇ ਵਿਛੋੜਾ ਸਹਿਆ ਹੈ ਅਤੇ ਆਗਿਆ ਵਿੱਚ ਦਰਸ਼ਨ ਦੀ ਇੱਛਾ ਪ੍ਰਗਟ ਕੀਤੀ ਹੈ। ਲਾਹੌਰ ਗਿਆਂ ਉਸ ਨੂੰ ਚਿਰ ਹੋ ਗਿਆ ਹੈ। ਉਸ ਦਾ ਮਨ ਵਿਆਕੁਲ ਹੋ ਗਿਆ ਹੈ। ਬਾਬਾ ਜੀ ਹੁਣ ਤੁਹਾਡਾ ਉੱਥੇ ਪਹੁੰਚਣਾ ਬਣਦਾ ਹੈ, ਤੁਸੀਂ ਜਾਓ ਅਤੇ ਉਸ ਨੂੰ ਨਾਲ ਲੈ ਆਵੋ।

ਹੁਕਮ ਮੰਨ ਕੇ ਬਾਬਾ ਬੁੱਢਾ ਜੀ ਲਾਹੌਰ ਪਹੁੰਚੇ ਅਤੇ ਪ੍ਰੇਮ ਸਾਹਿਤ ਸ੍ਰੀ ਅਰਜਨ ਜੀ ਨੂੰ ਅੰਮ੍ਰਿਤਸਰ ਲੈ ਆਏ। ਪਿਤਾ ਪੁੱਤਰ ਅਥਵਾ ਗੁਰੂ ਸਿੱਖ ਦੀ ਮਿਲਣੀ ਦਾ ਨਜ਼ਾਰਾ ਅੱਖਰਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਆਪਣੇ ਪਿਆਰੇ ਤੋਂ ਬਲ-ਬਲ ਜਾ ਰਹੇ ਸਨ। ਜਦੋਂ ਮਨ ਵੈਰਾਗ ਦੇ ਸਿਖਰ ਤੋਂ ਕੁਝ ਹੇਠਾਂ ਉੱਤਰੇ ਤਾਂ ਗੁਰੂ ਜੀ ਪੁੱਛਿਆ, "ਲਾਲ ਜੀ! ਜਦ ਦੇ ਤੁਸੀਂ ਗਏ ਹੋ ਕੇਵਲ ਇੱਕ ਚਿੱਠੀ ਭੇਜੀ ਹੈ, ਹੋਰ ਚਿੱਠੀ ਨਹੀਂ ਭੇਜੀ। ਦੂਜੀ ਗੱਲ ਇੱਥੇ ਚਿੱਠੀ ਤੇ ਵੀ ਅੰਕ ਤਿੰਨ ਲਿਖਿਆ ਹੋਇਆ ਹੈ ਕੀ ਕਾਰਨ?"

"ਪਾਤਸ਼ਾਹ ਜੀਉ! ਆਪ ਜੀ ਦੇ ਸਨਮੁੱਖ ਮੇਰਾ ਕੁਝ ਕਹਿਣਾ ਨਹੀਂ ਬਣਦਾ। ਆਪ ਜੀ ਘੱਟ-ਘੱਟ ਦੀ ਜਾਨਣ ਵਾਲੇ ਹੋ। ਆਪ ਜੀ ਕੋਲੋਂ ਕੁਝ ਛੁਪਿਆ ਹੋਇਆ ਨਹੀਂ। ਫਿਰ ਵੀ ਆਪ ਜੀ ਦੀ ਆਗਿਆ ਅਨੁਸਾਰ ਅਰਜ਼ ਕਰਦਾ ਹਾਂ। ਕਿ ਪਹਿਲਾਂ ਵੀ ਦੋ ਬੇਨਤੀ ਪੱਤਰ ਆਪ ਜੀ ਦੇ ਚਰਨਾਂ ਵਿੱਚ ਭੇਜੇ ਸਨ। ਇਹ ਤੀਜਾ ਬੇਨਤੀ ਪੱਤਰ ਹੈ। ਇਸ ਲਈ ਤਿੰਨ ਅੰਕ ਲਿਖਿਆ ਹੈ।" ਸ੍ਰੀ ਅਰਜਨ ਦੇਵ ਜੀ ਨੇ ਬੇਨਤੀ ਕੀਤੀ।

ਇਹ ਸੁਣ ਕੇ ਸਤਿਗੁਰੂ ਜੀ ਪੁੱਛਿਆ, "ਉਹ ਚਿੱਠੀਆਂ ਕਿੱਥੇ ਹਨ? ਕਿਸ ਦੇ ਹੱਥ ਭੇਜੀਆਂ ਗਈਆਂ ਸਨ?" "ਉਹ ਚਿੱਠੀਆਂ ਬਾਬਾ ਪ੍ਰਿਥੀ ਚੰਦ ਨੇ ਮੇਰੇ ਕੋਲੋਂ ਲੈ ਲਈਆਂ ਸਨ", ਕੋਲ ਬੈਠੇ ਸਿੱਖ ਨੇ ਅਰਜ਼ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਪ੍ਰਿਥੀ ਚੰਦ ਜੀ ਨੂੰ ਕੋਲ ਬੁਲਾਇਆ ਅਤੇ ਚਿੱਠੀਆਂ ਲਿਆਉਣ ਲਈ ਹੁਕਮ ਕੀਤਾ। ਪ੍ਰਿਥੀ ਚੰਦ ਖਿਝ ਕੇ ਬੋਲਿਆ, "ਮੈਂ ਕੀ ਕਰਨੀਆਂ ਸਨ ਇਹ ਚਿੱਠੀਆਂ ਲੈ ਕੇ। ਦੋ ਉਂਗਲਾਂ ਕਾਗਜ਼ ਨਾਲ ਕਿਹੜੀ ਗੁੱਡੀ ਚੜ੍ਹਾ ਲੈਣੀ ਸੀ। ਇਹ ਕਿਹੜਾ ਹੁੰਡੀ ਸੀ। ਜਿਸ ਨੂੰ ਤੁੜਾ ਕੇ ਮੈਂ ਧੰਨ ਲੈ ਲੈਣਾ ਸੀ। ਸਿੱਖ ਕੋਲੋਂ ਰਸਤੇ ਵਿੱਚ ਆਉਂਦਿਆਂ ਡਿੱਗ ਪਈਆਂ ਹੋਣਗੀਆਂ, ਬਾਕੀ ਰਹੀ ਗੱਲ ਅਰਜਨ ਦੇਵ ਦੇ ਬਣਾਏ ਪਦਾਂ ਦੀ, ਜਿਨ੍ਹਾਂ ਨੂੰ ਵੇਖਣ ਲਈ ਤੁਹਾਡਾ ਮਨ ਲਲਚਾ ਰਿਹਾ ਹੈ। ਇਹ ਤੁਹਾਡੇ ਕੋਲ ਹੀ ਬੈਠਾ ਹੈ, ਹੋਰ ਲਿਖਵਾ ਲਵੋ।"

ਸਤਿਗੁਰੂ ਜੀ ਤਿੰਨ ਵਾਰ ਹੁਕਮ ਕੀਤਾ। ਪਰ ਪ੍ਰਿਥੀ ਚੰਦ ਟੱਸ ਤੋਂ ਮੱਸ ਨਾ ਹੋਇਆ। ਆਪਣੀ ਚਲਾਕੀ ਨੂੰ ਸਾਹਮਣੇ ਰੱਖਿਆ, ਸਤਿਗੁਰੂ ਨੂੰ ਸਰਬੱਗ ਨਾ ਜਾਣ ਸਕਿਆ।

ਸਤਿਗੁਰੂ ਜੀ ਨੇ ਇੱਕ ਸਿੱਖ ਨੂੰ ਪ੍ਰਿਥੀ ਚੰਦ ਦੇ ਘਰ ਭੇਜ ਕੇ ਉਸ ਦੇ ਕਮੀਜ਼ ਵਿੱਚੋਂ ਦੋਵੇਂ ਚਿੱਠੀਆਂ ਸਭ ਦੇ ਸਾਹਮਣੇ ਕੱਢ ਵਿਖਾਈਆਂ ਅਤੇ ਹੁਕਮ ਕੀਤਾ, "ਦੇਖੋ ਗੁਰਸਿੱਖੋ! ਇਹ ਕਿਹੋ ਜਿਹੀ ਗੁਰਮੁਖਤਾਈ ਹੈ? ਇਹ ਅੰਦਰੋਂ ਕੰਗਾਲ ਅਤੇ ਫਰੇਬੀ ਹੈ। ਇਹ ਬਾਹਰੋਂ ਤਾਂ ਕਪਟਹੀਣ ਬਣਦਾ ਰਿਹਾ ਪਰ ਅੰਦਰੋਂ ਮੀਣਾ ਹੈ। ਇਹ ਗੁਰੂ-ਕੁਲ ਵਿੱਚ ਨਾਲਾਇਕ ਪੈਦਾ ਹੋਇਆ ਹੈ। ਅਸੀਂ ਇਸ ਦਾ, ਇਸ ਦੀ ਔਲਾਦ ਸਹਿਤ ਤਿਆਗ ਕਰ ਦਿੱਤਾ ਹੈ। 'ਨਹੀ ਉਚ ਪਦ ਇਸ ਕੇ ਭਾਗਾ॥' ਜੇ ਇਸ ਦੀ ਔਲਾਦ ਸਿੱਖ ਬਣੀ ਤਾਂ ਸੰਗਤ ਵਿੱਚ ਮਿਲ ਜਾਵੇਗੀ ਨਹੀਂ ਤਾਂ ਉਹ ਵੀ ਗੁਰਸਿੱਖੀ ਤੋਂ ਬਾਹਰ ਰਹੇਗੀ। ਗੁਰਿਆਈ ਦਾ ਭਾਰ ਤਾਂ ਕੇਵਲ ਸ੍ਰੀ ਅਰਜਨ ਦੇਵ ਜੀ ਹੀ ਚੁੱਕ ਸਕਦੇ ਹਨ। ਸਤਿਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾ ਕੇ ਸ੍ਰੀ ਅਰਜਨ ਜੀ ਦੀਆਂ ਤਿੰਨ ਪ੍ਰਦੱਖਣਾ ਕਰਕੇ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ। ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦਾ ਤਿਲਕ ਦਿੱਤਾ।

ਇਹ ਘਟਨਾ ਭਾਦੋਂ ਸੁਦੀ 1 ਸੰਮਤ 1631 ਬਿਕਰਮੀ (1574 ਈ:) ਨੂੰ ਵਾਪਰੀ। ਇਸ ਘਟਨਾ ਤੋਂ ਅਤੇ ਗੁਰੂ ਰਾਮਦਾਸ ਜੀ ਦੇ ਬਚਨਾਂ ਤੋਂ ਗੁੱਸਾ ਖਾ ਕੇ ਪ੍ਰਿਥੀ ਚੰਦ ਤਿਲਮਿਲਾ ਉੱਠਿਆ ਅਤੇ ਮੰਦੇ ਬੋਲ ਬੋਲਣ ਲੱਗਾ, "ਤੁਸੀਂ ਮੈਨੂੰ ਕੀ ਤਿਆਗਿਆ, ਮੈਂ ਹੀ ਤੁਹਾਨੂੰ ਤਿਆਗ ਦਿੱਤਾ ਹੈ।" ਗੁਰੂ ਬਚਨਾਂ ਨੂੰ ਸਿਰ ਨਿਵਾਉਣ ਦੀ ਥਾਂ ਕੌੜੇ ਅਤੇ ਭੈੜੇ ਵਾਕ ਬੋਲਦਾ ਹੋਇਆ ਉੱਠ ਕੇ ਘਰ ਨੂੰ ਚਲਾ ਗਿਆ। ਗੁਰੂ ਰਾਮਦਾਸ ਜੀ ਸੰਗਤ ਨੂੰ ਸੰਬੋਧਿਤ ਹੋ ਕੇ ਫੁਰਮਾਇਆ-

"ਹੇ ਮੇਰੇ ਗੁਰਸਿੱਖ ਪੁੱਤਰੋ! ਤੁਸੀਂ ਸਾਰੇ ਹੀ ਗੁਰੂ ਦੇ

ਪਿਆਰੇ ਹੋ। ਸ੍ਰੀ ਅਰਜਨ ਦੇਵ ਜੀ ਨੂੰ ਮੇਰਾ ਹੀ ਰੂਪ ਜਾਣਨਾ। ਜਿਸ ਤਰ੍ਹਾਂ ਮੈਨੂੰ ਜਾਣਦੇ ਹੋ, ਉਸੇ ਤਰ੍ਹਾਂ ਇਨ੍ਹਾਂ ਨੂੰ ਵੀ ਹਿਰਦੇ ਵਿੱਚ ਧਾਰਨ ਕਰਨਾ। ਗੁਰਗੱਦੀ ਉੱਪਰ ਹੁਣ ਇਹ ਬੈਠ ਗਏ ਹਨ। ਸਾਰਾ ਹਲਤ-ਪਲਤ ਦਾ ਭਾਰ ਹੁਣ ਇਨ੍ਹਾਂ ਸਿਰ ਹੈ। ਸੰਗਤ ਦੇ ਦੁੱਖਾਂ-ਕਲੇਸ਼ਾਂ ਨੂੰ ਇਹੀ ਹਰਨਗੇ। ਉੱਠੋ ਸਭ ਸਿੱਖ ਇਨ੍ਹਾਂ ਦੇ ਚਰਨਾਂ ਵਿੱਚ ਨਮਸਕਾਰ ਕਰੋ।" ਸਾਰੀ ਸੰਗਤ ਨੇ ਜੈਕਾਰੇ ਗਜਾਏ। ਜਥਾਯੋਗ ਭੇਟਾਵਾਂ ਰੱਖ ਕੇ ਪੰਚਮ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ। ਮਾਨੋ ਨਵਾਂ ਸੂਰਜ ਉਦੇ ਹੋ ਗਿਆ ਸੀ। ਗੁਰਸਿੱਖਾਂ ਦੇ ਹਿਰਦੇ ਰੂਪੀ ਕਮਲ ਖਿੱਲ ਉੱਠੇ। ਜਗਿਆਸੂ ਭੌਰਿਆਂ ਵਿੱਚ ਨਵਾਂ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਪ੍ਰਿਥੀ ਚੰਦ ਦੀ ਆਭਾ ਚੰਦ ਵਾਂਗ ਫਿੱਕੀ ਪੈ ਗਈ ਸੀ ਅਤੇ ਇਨ੍ਹਾਂ ਦੇ ਪੱਖੀ ਤਾਰਿਆਂ ਵਾਂਗ ਅਲੋਪ ਹੋ ਗਏ ਸਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੀ ਸਰੂਪ ਲਾਡਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਫ਼ੁਰਮਾਇਆ, "ਤੁਸੀਂ ਤਿੰਨ ਪਦ ਉਚਾਰਨ ਕੀਤੇ ਹਨ, ਹੁਣ ਚੌਥਾ ਪਦ ਵਿਚਾਰ ਕੇ ਇਸ ਸ੍ਰੇਸ਼ਟ ਰਚਨਾ ਨੂੰ ਸੰਪੂਰਨ ਕਰੋ। ਪੰਚਮ ਗੁਰਦੇਵ ਨੇ ਸਤਿਬਚਨ ਆਖ ਚੌਥਾ ਪਦ ਉਚਾਰਨ ਕੀਤਾ-

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥

ਪ੍ਰਸੰਨਤਾ ਦੇ ਘਰ ਵਿੱਚ ਆ ਕੇ ਸਤਿਗੁਰੂ ਰਾਮਦਾਸ ਜੀ ਨੇ ਬਚਨ ਕੀਤਾ, "ਆਪ ਦੀ ਨਿਮਰਤਾ ਸਹਿਤ ਉਚਾਰਨ ਕੀਤੀ ਬਾਣੀ ਪੜ੍ਹ ਸੁਣ ਕੇ ਅਤੇ ਵਿਚਾਰ ਕੇ ਸਿੱਖਾਂ ਦੀ ਹਉਮੈ ਅਤੇ ਵਿਕਾਰ ਦੂਰ ਹੋਣਗੇ।" "ਦੀਨ ਦਿਆਲ ਜੀਉ! ਕਰਣ ਕਰਾਵਣ ਵਾਲੇ ਤਾਂ ਆਪ ਹੀ ਹੋ, ਮੈਂ ਤਾਂ ਨਮਿੱਤ ਮਾਤਰ ਹਾਂ ਜੀ", ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਧੀਨਗੀ ਭਰਿਆ ਉੱਤਰ ਸੀ।

ਸਿੱਖ ਪੰਥ ਦੀ ਸਤਿਕਾਰਤ ਹਸਤੀ ਬਾਬਾ ਬੁੱਢਾ ਜੀ ਨੇ ਗੁਰੂ ਸੰਗਤ ਨੂੰ ਸੰਬੋਧਿਤ ਹੁੰਦਿਆਂ ਬਚਨ ਕੀਤਾ "ਗੁਰਸਿੱਖ ਪਿਆਰਿਓ! ਗੁਰਗੱਦੀ ਚਲਾਕੀਆਂ ਸਿਆਣਪਾਂ ਦੀ ਵਸਤੂ ਨਹੀਂ ਹੈ, ਨਾ ਹੀ ਇਸ ਨੂੰ ਕੋਈ ਬਾਹੂ-ਬਲ ਜਾਂ ਧਨ ਬਲ ਨਾਲ ਪ੍ਰਾਪਤ ਕਰ ਸਕਦਾ ਹੈ। ਇਹ ਤਾਂ ਸੇਵਕੀ ਅਤੇ ਭਾਵਨਾ ਵਾਲਿਆਂ ਨੂੰ ਧੁਰ-ਦਰਗਾਹੋਂ ਮਿਲੀ ਅਮੁੱਲੀ ਦਾਤ ਹੈ। ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਅਧਿਆਤਮਕ ਅਤੇ ਅਭਿਨਾਸੀ ਰਾਜ ਦੇ ਵਾਰਿਸ ਬਣੇ ਹਨ। ਬਾਹਰੀ ਨਜ਼ਰ ਨਾਲ ਵੇਖਿਆਂ ਤਾਂ ਇੰਝ ਹੀ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਨੂੰ ਗੁਰੂ ਪਿਤਾ ਜੀ ਨੇ ਇਹ ਵਡਿਆਈ ਬਖਸ਼ੀ ਹੈ, ਪਰ ਇਹ ਤਾਂ 'ਦਾਤਿ ਜੋਤਿ ਖਸਮੈ ਵਡਿਆਈ' ਹੈ। ਮੈਨੂੰ ਯਾਦ ਹੈ ਜਦ ਆਪ ਹਾਲੇ ਛੋਟੇ ਜਿਹੇ ਹੀ ਸਨ, ਖੇਡਦਿਆਂ ਆਪ ਜੀ ਦੀ ਗੇਂਦ ਉੱਛਲ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਸ਼ਰਾਮ ਕਮਰੇ ਵਿੱਚ ਚਲੀ ਗਈ। ਰਿੜ੍ਹਦੇ-ਰਿੜ੍ਹਦੇ ਕਮਰੇ ਵਿੱਚ ਪੁੱਜੇ। ਗੇਂਦ ਨਜ਼ਰੀਂ ਨਾ ਪਈ। ਸੋਚਿਆ ਕਿ ਗੇਂਦ ਸ਼ਾਇਦ ਮੰਜੇ ਉੱਪਰ ਹੋਵੇ, ਪਰ ਮੰਜਾ ਉੱਚਾ ਸੀ ਆਪ ਛੋਟੇ ਸਨ। ਮੰਜੇ ਦੇ ਪਾਵੇ ਨੂੰ ਫੜ੍ਹ ਕੇ ਐਨੇ ਜ਼ੋਰ ਨਾਲ ਹਿਲਾਇਆ ਕਿ ਗੁਰੂ ਜੀ ਜਾਗ ਪਏ ਤੇ ਬਚਨ ਕੀਤਾ:

ਇਹ ਕਿਹੜਾ ਵੱਡਾ ਪੁਰਖ ਹੈ ਭਾਰੀ।
ਜਿਸ ਮੰਜੀ ਹਿਲਾਈ ਸਾਡੀ ਸਾਰੀ।

ਇੰਨੇ ਚਿਰ ਨੂੰ ਸ੍ਰੀ ਮਾਤਾ ਭਾਨੀ ਜੀ ਪਹੁੰਚ ਗਏ ਤੇ ਅਰਜ਼ ਕੀਤੀ: 'ਦੋਹਿਤਾ ਜੇ ਦੋਹਿਤਾ।' ਤੀਜੇ ਪਾਤਸ਼ਾਹ ਜੀ ਬਚਨ ਕੀਤਾ- 'ਵਾਹ ਵਾਹ ਦੋਹਿਤਾ ਬਾਣੀ ਕਾ ਬੋਹਿਥਾ।' ਚੁੱਕ ਕੇ ਦੋਹਤੇ ਨੂੰ ਛਾਤੀ ਨਾਲ ਲਾ ਕੇ ਬਚਨ ਕੀਤਾ-

ਭਾਰੀ ਗੁਰੂ ਜਗ ਮੇਂ ਬਿਦਤੈ ਹੈ।
ਬਾਣੀ ਕੇ ਬੋਹਿਥ ਬਡ ਹ੍ਵੈ ਹੈ।

ਨਾਲ ਹੀ ਫੁਰਮਾਇਆ ਸੀ- ਹੋਵਹੁਗੇ ਤੁਮਹੂੰ ਗੁਰ ਭਾਰੇ। ਇਸ ਲਈ ਵੇਖਣ ਨੂੰ ਭਾਵੇਂ ਦੋ ਸਰੂਪ ਹਨ, ਪਰ ਅਸਲ ਵਿੱਚ ਇੱਕ ਹੀ ਹੈ। ਕਦੀ ਵੀ ਦੋ ਕਰਕੇ ਨਾ ਦੇਖਣਾ। ਇਹ ਬਚਨ ਕਹਿ ਬਾਬਾ ਬੁੱਢਾ ਜੀ ਨੇ ਦੋਹਾਂ ਗੁਰ ਵਿਅਕਤੀਆਂ ਦੇ ਪਾਵਨ ਚਰਨਾਂ 'ਤੇ ਨਮਸਕਾਰ ਕੀਤੀ। ਇਸ ਰਸਮ ਪਿੱਛੋਂ ਸਭ ਸੰਗਤ ਆਪਣੇ ਆਪਣੇ ਘਰਾਂ ਨੂੰ ਚਲੀ ਗਈ। ਬਾਬਾ ਪ੍ਰਿਥੀ ਚੰਦ ਜੋ ਆਪਣੇ ਅੰਦਰੇ ਅੰਦਰ ਸੱਪ ਵਾਂਗ ਵਿਸ ਘੋਲ ਰਿਹਾ ਸੀ ਉਚੇਚਾ ਆ ਕੇ ਬਾਬਾ ਬੁੱਢਾ ਜੀ ਨੂੰ ਮਿਲਿਆ ਅਤੇ ਆਖਣ ਲੱਗਾ, "ਬਾਬਾ ਜੀ! ਅਸੀਂ ਸਾਰੇ ਤੁਹਾਨੂੰ ਮਹਾਂਪੁਰਖ ਜਾਣਦੇ ਹਾਂ, ਆਪ ਜੀ ਦੀ ਮਹਿਮਾ ਗੁਰੂ ਨਾਨਕ ਜੀ ਤੁੱਲ ਸਮਝਦੇ ਸਾਂ, ਪਰ ਅੱਜ ਵਾਲਾ ਇਹ ਕੰਮ ਵੇਖ ਕੇ ਮੇਰੀ ਤੁਹਾਡੇ ਉੱਪਰ ਕੋਈ ਸ਼ਰਧਾ ਨਹੀਂ ਰਹੀ। ਤੁਹਾਨੂੰ ਪਤਾ ਹੈ ਕਿ ਮੈਂ ਵੱਡਾ ਹਾਂ ਤੇ ਗੱਦੀ 'ਤੇ ਹੱਕ ਵੀ ਮੇਰਾ ਹੀ ਬਣਦਾ ਸੀ। ਗੁਰੂ ਜੀ ਤਾਂ ਕੇਵਲ ਨਾਮ ਦੇ ਹੀ ਗੁਰੂ ਸਨ, ਕੰਮਕਾਰ ਤਾਂ ਸਾਰੇ ਮੈਂ ਹੀ ਕਰਦਾ ਸੀ। ਤੁਸੀਂ ਤਾਂ ਮੇਰੀ ਸਿਆਣਪ ਅਤੇ ਕਾਰਜ ਕੁਸ਼ਲਤਾ ਨੂੰ ਚੰਗੀ ਤਰ੍ਹਾਂ ਜਾਣਦੇ ਸੀ, ਪਰ ਮੈਂ ਸਮਝਦਾ ਹਾਂ ਕਿ ਬੁਢਾਪੇ ਕਾਰਨ ਤੁਹਾਡੀ ਮੱਤ ਦਾ ਬਲ ਹਾਰ ਗਿਆ ਹੈ।

ਪਰ ਜ਼ਰਾ ਸੋਚੋ, ਜੇ ਮੈਂ ਤੁਹਾਡੇ ਕੰਮ ਨੂੰ ਆਪਣੀ ਤਾਕਤ ਨਾਲ ਉਲਟਾ ਦੇਵਾਂ ਤਾਂ ਫਿਰ ਤੁਹਾਡੀ ਕੀ ਇੱਜ਼ਤ ਰਹੇਗੀ? ਜੇ ਪਿਤਾ ਜੀ ਨੇ ਕਿਸੇ ਕਾਰਨ ਨਾਰਾਜ਼ ਹੋ ਕੇ ਇਹ ਫੈਸਲਾ ਕਰ ਹੀ ਲਿਆ ਸੀ, ਤੁਸੀਂ ਤਾਂ ਇਸ ਅਯੋਗ ਕੰਮ ਨੂੰ ਰੋਕ ਸਕਦੇ ਸੀ। ਹੁਣ ਮੈਂ ਧਨ, ਸਿਆਣਪ ਅਤੇ ਬਲ ਨਾਲ ਇਸ ਫ਼ੈਸਲੇ ਨੂੰ ਉਲਟਾ ਕੇ ਵਿਖਾਵਾਂਗਾ।"

ਬਾਬਾ ਬੁੱਢਾ ਜੀ ਬਚਨ ਕੀਤਾ, "ਪ੍ਰਿਥੀ ਚੰਦ! ਇਹ ਵਸਤੂ ਬਖੀਲੀ ਕਾਰਨ ਹੱਥ ਨਹੀਂ ਆਉਂਦੀ। ਇਹ ਤਾਂ ਉਸ ਦੀ ਝੋਲੀ ਪੈਂਦੀ ਹੈ, ਜਿਸ ਦੇ ਪੱਲੇ ਨਿਮਰਤਾ ਹੋਵੇ। ਤੂੰ ਗੁਰੂ ਕਾ ਸਾਹਿਬਜ਼ਾਦਾ ਹੈਂ, ਇਹੀ ਤੇਰੇ ਲਈ ਬਹੁਤ ਵਡਿਆਈ ਵਾਲੀ ਗੱਲ ਹੈ। ਜੇ ਗੱਦੀ ਨਹੀਂ ਮਿਲੀ ਤਾਂ ਫਿਰ ਕੀ ਹੈ। ਤੂੰ ਹੁਕਮ ਵਿੱਚ ਸਾਬਤ ਨਹੀਂ ਰਹਿ ਸਕਿਆ। ਇਸ ਲਈ ਹੁਣ ਵੀ ਕ੍ਰੋਧ ਅਤੇ ਝਗੜਾ ਛੱਡ ਕੇ ਗੁਰੂ-ਰਜ਼ਾ ਵਿੱਚ ਰਹਿ ਕੇ ਸੁੱਖ ਮਾਣ।"

ਪ੍ਰਿਥੀ ਚੰਦ ਗੁੱਸੇ ਵਿੱਚ ਲਾਲੋ-ਲਾਲ ਨਾਲ ਹੋਇਆ ਘਰ ਪਹੁੰਚਿਆ ਅਤੇ ਗੁਰੂ ਰਾਮਦਾਸ ਜੀ ਦੇ ਸਾਹਮਣੇ ਜਾ ਕੇ ਤ੍ਰਿਸਕਾਰ ਭਰੇ ਮੰਦੇ ਬੋਲ ਬੋਲਣ ਲੱਗਾ। ਉਹ ਆਖ ਰਿਹਾ ਸੀ, "ਤੁਸੀਂ ਮੇਰੇ ਨਾਲ ਧੋਖਾ ਕੀਤਾ ਹੈ। ਮੇਰਾ ਹੱਕ ਛੋਟੇ ਭਰਾ ਨੂੰ ਦੇ ਦਿੱਤਾ ਹੈ। ਜਿਸ ਤਰ੍ਹਾਂ ਤੁਸੀਂ ਮੇਰੇ ਨਾਲ ਵਾਧਾ ਕੀਤਾ ਹੈ, ਇਸ ਦਾ ਫਲ ਤੁਸੀਂ ਅੱਗੇ ਜਾ ਕੇ ਵੇਖੋਗੇ।" ਜਦ ਪ੍ਰਿਥੀ ਚੰਦ ਬਹੁਤ ਰੌਲਾ ਪਾ ਰਿਹਾ ਸੀ ਤਾਂ ਧਰਮ ਤੇ ਧੀਰਜ ਦੀ ਮੂਰਤ ਗੁਰੂ ਰਾਮਦਾਸ ਜੀ ਨੇ ਬੜੇ ਪ੍ਰੇਮ ਨਾਲ ਸਮਝਾਇਆ, "ਬੇਟਾ ਪਿਤਾ ਨਾਲ ਝਗੜਾ ਪਾਉਣਾ ਚੰਗੀ ਗੱਲ ਨਹੀਂ। ਜਿਸ ਜੰਮਿਆ, ਪਾਲਿਆ, ਪੋਸਿਆ ਅਤੇ ਵੱਡਾ ਕੀਤਾ ਹੈ ਤਿਸ ਨਾਲ ਝਗੜਨਾ ਤਾਂ ਪਾਪ ਨਿਆਈਂ ਹੈ।"

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ॥੧॥ ਰਹਾਉ॥
ਜਿਸੁ ਧਨ ਕਾ ਤੁਮ ਗਰਬ ਕਰਤ
ਹਉ ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ
ਰਸੁ ਤਉ ਲਾਗੈ ਪਛੁਤਾਪ॥੧॥

ਜਿਸ ਦੌਲਤ ਦਾ ਤੂੰ ਹੰਕਾਰ ਕਰਦਾ ਹੈਂ, ਉਹ ਦੌਲਤ ਕਿਸੇ ਦੀ ਨਹੀਂ ਬਣੀ। ਜਦੋਂ ਜੀਵ ਇੱਕ ਪਲ ਵਿੱਚ ਵਿਸ਼ਿਆਂ ਦੇ ਰਸ ਨੂੰ ਛੱਡ ਕੇ ਚਲਾ ਜਾਂਦਾ ਹੈ ਤਾਂ ਫਿਰ ਪੱਲੇ ਕੇਵਲ ਪਛਤਾਵਾ ਹੀ ਰਹਿ ਜਾਂਦਾ ਹੈ- ਇਸ ਲਈ ਪ੍ਰਭੂ ਸਿਮਰਨ ਕਰੋ। ਇਹ ਉਪਦੇਸ਼ ਹਿਰਦੇ ਵਿੱਚ ਧਾਰਨ ਕਰਨ ਨਾਲ ਸਰਬ ਪਾਪਾਂ ਦਾ ਨਾਸ਼ ਹੁੰਦਾ ਹੈ, ਫਿਰ ਕੋਈ ਕਸ਼ਟ ਨਹੀਂ ਵਿਆਪਦਾ।" ਸੁਣਦਿਆਂ ਸਾਰ ਪ੍ਰਿਥੀ ਚੰਦ ਖਿੱਝ ਕੇ ਬੋਲਿਆ, "ਗੁਰਗੱਦੀ ਛੋਟੇ ਪੁੱਤਰ ਨੂੰ ਦੇ ਕੇ ਤੁਸੀਂ ਸਭਨਾਂ ਵਿੱਚ ਮੇਰਾ ਅਪਮਾਨ ਕੀਤਾ ਹੈ ਅਤੇ ਹੁਣ ਆਖਦੇ ਹੋ ਕਿ ਪ੍ਰਭੂ ਦਾ ਸਿਮਰਨ ਕਰਾਂ। ਤੁਹਾਡੇ ਇਸ ਉਪਦੇਸ਼ ਨੇ ਮੇਰਾ ਪਹਿਲਾਂ ਕੁੱਝ ਨਹੀਂ ਸੰਵਾਰਿਆ, ਅੱਗੇ ਕੀ ਸਹਾਇਤਾ ਕਰੇਗਾ।" ਪ੍ਰਿਥੀ ਚੰਦ ਦੇ ਕਠੋਰ ਬੋਲ ਸੁਣਨ ਤੋਂ ਬਾਅਦ ਧੀਰਜ ਅਤੇ ਖਿਮਾ ਦੇ ਮਹਾਨ ਸਾਗਰ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ਼ਬਦ ਉਚਾਰਿਆ:

ਧੁਰਿ ਭਗਤ ਜਨਾ ਕਉ ਬਖਸਿਆ
ਹਰਿ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ
ਤਿਸੁ ਹਲਤਿ ਪਲਤਿ ਮੁਹੁ ਕਾਰਾ॥੨॥
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ
ਸਿਰਿ ਨਿੰਦਕ ਕੈ ਪਵੈ ਛਾਰਾ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ
ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ
ਕਿਨੈ ਨ ਪਾਈਓ ਹਰਿ ਸੇਵਕ ਭਾਇ ਨਿਸਤਾਰਾ॥੪॥੨॥੯॥

ਆਪ ਜੀ ਨੇ ਫ਼ੁਰਮਾਇਆ ਕਿ ਕਿਸੇ ਦੀ ਨਿੰਦਿਆ ਕਰਨ ਨਾਲ ਉੱਚਾ ਪਦ ਪ੍ਰਾਪਤ ਨਹੀਂ ਹੁੰਦਾ। ਅਰਜਨ ਦੇਵ ਪ੍ਰਭੂ ਭਗਤ ਹੈ, ਉਸ ਦੀ ਪ੍ਰਭੂ ਨਾਲ ਲਿਵ ਜੁੜੀ ਹੋਈ ਹੈ। ਉਸ ਉੱਪਰ ਧੁਰੋਂ ਹੀ ਕਰਤੇ ਪੁਰਖ ਦੀ ਬਖਸ਼ਿਸ਼ ਹੋਈ ਹੈ। ਉਸ ਦੀ ਰੀਸ ਕਰਨ ਵਾਲੇ ਦਾ ਲੋਕ-ਪ੍ਰਲੋਕ ਵਿੱਚ ਮੂੰਹ ਕਾਲਾ ਹੋਵੇਗਾ। ਤੇਰੇ ਵਿੱਚ ਕੋਈ ਸੇਵਾ ਭਾਵਨਾ ਨਹੀਂ, ਕੇਵਲ ਹੰਕਾਰ ਹੀ ਹੰਕਾਰ ਹੈ। ਇਸ ਲਈ ਹੰਕਾਰ ਨੂੰ ਤਿਆਗ ਕੇ ਮਨ ਤਨ ਕਰਕੇ ਸੇਵਾ ਕਰ। ਸੇਵਾ ਅਤੇ ਭਾਗਾਂ ਬਿਨਾਂ ਕੁੱਝ ਵੀ ਹੱਥ ਨਹੀਂ ਆਉਣ ਵਾਲਾ।

ਇਹ ਪਾਵਨ ਉਪਦੇਸ਼ ਸੁਣ ਕੇ ਵੀ ਜਦ ਪ੍ਰਿਥੀ ਚੰਦ ਦਾ ਮਨ ਨੀਵਾਂ ਨਾ ਹੋਇਆ ਤਾਂ ਸਤਿਗੁਰੂ ਜੀ ਉੱਠ ਕੇ ਘਰ ਨੂੰ ਚਲੇ ਗਏ। ਅੰਮ੍ਰਿਤ ਵੇਲੇ ਸਮੇਂ ਦੇ ਹਾਲਾਤ ਤੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਸਤਿਗੁਰੂ ਜੀ, ਮਾਤਾ ਭਾਨੀ ਜੀ, ਸ੍ਰੀ (ਗੁਰੂ) ਅਰਜਨ ਦੇਵ ਜੀ, ਬਾਬਾ ਬੁੱਢਾ ਜੀ ਅਤੇ ਹੋਰ ਸਿੱਖਾਂ ਸੇਵਕਾਂ ਸਮੇਤ ਗੋਇੰਦਵਾਲ ਨੂੰ ਚਲੇ ਗਏ।

**ਬਾਕੀ ਸਫ਼ੇ 23 'ਤੇ...........**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਲੌਕਿਕ ਚਮਤਕਾਰ

-ਦਵਿੰਦਰ ਸਿੰਘ ਗਿੱਲ 'ਜੀਆ ਨੱਥਾ'

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮੁੱਚਾ ਗੁਰਿਆਈ ਕਾਲ (1906 ਈ. ਤੋਂ 1959 ਈ.) ਅਲੌਕਿਕ ਚਮਤਕਾਰੀ ਕਾਲ ਸੀ। ਆਪਣੇ ਸਮੇਂ ਵਿੱਚ ਨਾਮਧਾਰੀ ਪੰਥ ਨੂੰ ਹਰ ਪੱਖ ਤੋਂ ਮਾਲਾ-ਮਾਲ ਕਰਨ ਵਿੱਚ ਜੋ ਕਿਰਪਾ ਆਪ ਕੀਤੀ, ਸ਼ਾਇਦ ਹੀ ਐਸੀ ਕਿਰਪਾ ਹੋਰ ਕਿਸੇ ਮਹਾਂਪੁਰਖ ਨੇ ਆਪਣੇ ਪੰਥ 'ਤੇ ਕੀਤੀ ਹੋਵੇ। ਉਨ੍ਹਾਂ ਦੇ ਅਵਤਾਰ ਧਾਰਨ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਭਵਿੱਖ ਬਾਣੀ ਕੀਤੀ ਸੀ, ਘਰ ਦਾ ਮਾਲਕ ਆਇਆ ਹੈ, ਵੱਡੇ ਪਰਤਾਪ ਵਾਲਾ ਹੋਵੇਗਾ। ਉਹਨਾਂ ਦੀ ਉਹ ਕੀਤੀ ਭਵਿੱਖਬਾਣੀ ਸੌ ਪ੍ਰਤੀਸ਼ਤ ਠੀਕ ਨਿਕਲੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਮੁੱਖ ਚਮਤਕਾਰ, ਨਾਮਧਾਰੀ ਪੰਥ ਦੇ ਇਤਿਹਾਸ ਦੀ ਸਾਂਭ ਸੰਭਾਲ ਕਰਨਾ ਸੀ। ਉਸ ਸਮੇਂ ਐਸੇ ਸਿੱਖ ਮੌਜੂਦ ਸਨ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਹ ਵਡਭਾਗੇ ਸਿੱਖ ਵੀ ਕੁਝ ਕੁ ਮੌਜੂਦ ਸਨ, ਜਿਨ੍ਹਾਂ ਨੇ ਖਾਰੇ ਸਮੁੰਦਰਾਂ ਨੂੰ ਪਾਰ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਹੁਕਮਨਾਮੇ ਵੀ ਲਿਆਏ ਸਨ। ਸਤਿਗੁਰਾਂ ਦੀ ਕਿਰਪਾ ਨਾਲ ਨਾਮਧਾਰੀ ਪੰਥ ਵਿੱਚ ਨਿਰੰਕਾਰ ਸਿੰਘ ਚੇਤਨ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਿਮ ਜਿਹੇ ਪ੍ਰਭਾਵਸ਼ਾਲੀ ਵਿਦਵਾਨ ਪੈਦਾ ਹੋਏ, ਇੱਥੇ ਹੀ ਬੱਸ ਨਹੀਂ, ਸਤਿਗੁਰੂ ਜੀ ਦੀ ਕਿਰਪਾ ਨਾਲ ਮਹਾਰਾਜ ਗੁਰਦਿਆਲ ਸਿੰਘ ਜੀ ਵੀ ਨਾਮਧਾਰੀ ਪੰਥ ਦੇ ਇਤਿਹਾਸ ਦੀ ਖੋਜ ਵਿੱਚ ਨਿਰੰਤਰ ਤੱਤਪਰ ਹੋਏ ਅਤੇ ਇੰਗਲੈਂਡ ਤੋਂ "ਕੂਕਾ ਆਊਟ ਬਰੇਕ" ਜਿਹੇ ਸਰਕਾਰੀ ਦਸਤਾਵੇਜ਼ ਮੰਗਵਾ ਕੇ ਨਾਮਧਾਰੀ ਪੰਥ ਬਾਰੇ ਸਰਕਾਰ ਦੀ ਰਾਇ ਜਾਣੀ। ਇੱਥੇ ਹੀ ਬੱਸ ਨਹੀਂ ਸਤਿਗੁਰੂ ਜੀ ਨੇ ਇੱਕ ਹੋਰ ਵੱਡਾ ਚਮਤਕਾਰ ਕੀਤਾ, ਉਹ ਇਹ ਸੀ ਕਿ ਨਾਮਧਾਰੀ ਇਤਿਹਾਸ ਤੇ ਸਾਹਿਤ ਦਾ ਪ੍ਰਚਾਰ ਕਰਨ ਲਈ ਸਤਿਜੁਗ ਸਪਤਾਹਿਕ ਅਖ਼ਬਾਰ ਦੀ ਪ੍ਰਕਾਸ਼ਨਾ ਆਰੰਭ ਕੀਤੀ। ਉਸ ਸਮੇਂ ਅਖ਼ਬਾਰ ਨੂੰ ਚਲਾਉਣਾ ਬਹੁਤ ਦਲੇਰੀ ਦਾ ਕੰਮ ਸੀ ਕਿਉਂਕਿ ਅਖ਼ਬਾਰ ਦੀ ਪ੍ਰਕਾਸ਼ਨਾ ਅਤੇ ਸੰਪਾਦਕ ਦੇ ਸਿਰ 'ਤੇ ਦਿਨ-ਰਾਤ ਸਰਕਾਰ ਦੀ ਤਲਵਾਰ ਲਟਕਦੀ ਰਹਿੰਦੀ ਸੀ। ਇਹੋ ਕਾਰਨ ਸੀ ਕਿ ਕਈ ਵਾਰ ਸਰਕਾਰ ਅਖ਼ਬਾਰ ਦੀ ਪ੍ਰਕਾਸ਼ਨਾ ਬੰਦ ਕਰ ਦੇਂਦੀ ਅਤੇ ਜ਼ਮਾਨਤ ਜ਼ਬਤ ਹੋ ਜਾਂਦੀ ਸੀ ਅਤੇ ਸੰਪਾਦਕ ਨੂੰ ਰੂਪੋਸ਼ ਹੋਣਾ ਪੈਂਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਬਿਹਤਰੀ ਲਈ ਹੋਰ ਵੀ ਖੇਤਰਾਂ ਵੱਲ ਉਚੇਚਾ ਧਿਆਨ ਦਿੱਤਾ, ਅਲੋਪ ਹੋ ਰਹੇ ਗੁਰਮਤਿ ਸੰਗੀਤ ਨੂੰ ਮੁੜ ਸੁਰਜੀਤ ਕੀਤਾ, ਤੰਤੀ ਸਾਜਾਂ ਨਾਲ ਕੀਰਤਨ ਕਰਨ ਦੀ ਪਰੰਪਰਾ ਨੂੰ ਬਲ ਬਖ਼ਸ਼ਿਆ ਅਤੇ ਸਮੇਂ-ਸਮੇਂ ਕੀਰਤਨ ਦਰਬਾਰ ਕਰਵਾ ਕੇ ਸੰਗੀਤਕਾਰਾਂ ਨੂੰ ਮਾਣ ਸਨਮਾਨ ਬਖ਼ਸ਼ਕੇ ਉਹਨਾਂ ਦਾ ਮਾਣ ਵਧਾਇਆ। ਇੱਥੇ ਹੀ ਬੱਸ ਨਹੀਂ, ਉਹਨਾਂ ਗਊ-ਧਨ ਦੀ ਰੱਖਿਆ ਕਰਨ ਲਈ ਵਿਸ਼ੇਸ ਉਪਰਾਲੇ ਕੀਤੇ। ਉਹਨਾਂ ਨੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਪਰਦਾਵਾਂ ਨੂੰ ਇੱਕ ਸਟੇਜ 'ਤੇ ਇਕੱਤਰ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਅਤੇ 1934 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਐਸਾ ਇੱਕ ਵਿਸ਼ੇਸ਼ਉਪਰਾਲਾ ਕੀਤਾ ਸੀ। ਇਸ ਦੇ ਨਾਲ ਗੁਰਮਤਿ ਦੇ ਮਾਰਗ ਤੋਂ ਖੁੰਝ ਚੁੱਕੇ ਅਨੇਕ ਗੁਰਮੁਖ ਪਿਆਰਿਆਂ ਨੂੰ ਕੋਈ ਨਾ ਕੋਈ ਘਟਨਾ ਵਰਤਾ ਕੇ ਉਹਨਾਂ ਨੂੰ ਸੱਚ ਦਾ ਮਾਰਗ ਦਿਖਾਇਆ ਅਤੇ ਨਾਮ ਦੀ ਦਾਤ ਬਖਸ਼ ਕੇ ਅਨੇਕ ਮਨਮੁਖਾਂ ਨੂੰ ਗੁਰਮੁਖ ਬਣਾ ਦਿੱਤਾ। ਉਹਨਾਂ ਉਪਰਾਲਿਆਂ ਦੀਆਂ ਕਥਾ ਕਹਾਣੀਆਂ ਪੁਰਾਣੇ ਬਜ਼ੁਰਗ ਸਿੱਖਾਂ ਤੋਂ ਸੁਣਨ ਨੂੰ ਮਿਲ ਜਾਂਦੀਆਂ ਹਨ, ਜੋ ਅੱਜ ਵੀ ਸਾਡਾ ਰਾਹ ਦਸੇਰਾ ਬਣਦੀਆਂ ਹਨ। ਅੱਗੇ ਮੈਂ ਆਪਣੇ ਪਿੰਡ ਜੀਆ ਨੱਥਾ ਦੇ ਨੇੜੇ ਪਿੰਡ ਖੁੱਡਾ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਵਸਨੀਕ ਸੰਤ ਬੰਤਾ ਸਿੰਘ ਨਾਮਧਾਰੀ (ਸਵਰਗਵਾਸੀ) ਦੀਆਂ ਅੱਖੀਂ ਡਿੱਠੀਆਂ ਘਟਨਾਵਾਂ ਦਾ ਜ਼ਿਕਰ ਕਰ ਰਿਹਾ ਹਾਂ, ਜੋ ਉਹਨਾਂ ਨੇ ਮੈਨੂੰ 1989 ਈ. ਦੇ ਜਨਵਰੀ ਦੇ ਮਹੀਨੇ ਲਿਖਵਾਈ ਸੀ, ਜੋ ਭੁੱਲਿਆ ਵਿਸਰਿਆ ਇਤਿਹਾਸ ਵੀ ਹੈ ਅਤੇ ਚਮਤਕਾਰੀ ਘਟਨਾਵਾਂ ਨਾਲ ਭਰਪੂਰ ਵੀ ਹੈ ਉਹ ਇਸ ਪ੍ਰਕਾਰ ਹੈ-

"ਸਤਿਗੁਰੂ ਪ੍ਰਤਾਪ ਸਿੰਘ ਜੀ ਗੜ੍ਹਦੀਵਾਲਾ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਘੋੜਿਆਂ ਸਮੇਤ 1943 ਈ. ਵਿੱਚ ਸਾਡੇ ਪਿੰਡ ਖੁੱਡੇ ਆਏ ਤੇ ਸਾਡੇ ਘਰ ਚਰਨ ਪਾਏ। ਇੱਥੋਂ ਹਰਬੰਸ ਸਿੰਘ ਮਿਸਤਰੀ ਜਿਸਦੇ ਘਰ ਲੰਗਰ ਸੀ, ਸਤਿਗੁਰੂ ਜੀ ਲੰਗਰ ਛਕਣ ਗਏ। ਰਾਹ ਵਿੱਚ ਵਰਤਮਾਨ ਰੇਲਵੇ ਲਾਈਨ ਦੇ ਨੇੜੇ ਅਕਾਲੀ ਪ੍ਰਤਾਪ ਸਿੰਘ ਦਾ ਘਰ ਆਉਂਦਾ ਸੀ, ਉਹ

ਦੇਹਧਾਰੀ ਗੁਰੂ ਦੇ ਖ਼ਿਲਾਫ਼ ਹਮੇਸ਼ਾ ਬੋਲਿਆ ਕਰਦਾ ਸੀ। ਉਸ ਨੇ ਕਿਹਾ ਕਿ ਆਖਦੇ ਹਨ ਕਿ ਨਾਮਧਾਰੀਆਂ ਦਾ ਗੁਰੂ ਚਮਤਕਾਰੀ ਗੁਰੂ ਹੈ, ਅੰਤਰਜਾਮੀ ਹੈ, ਮੈਂ ਉਹਨਾਂ ਨੂੰ, ਤਾਂ ਅੰਤਰਜਾਮੀ ਜਾਣਾਂਗਾ, ਜੇ ਉਹ ਬਿਨਾਂ ਬੁਲਾਏ ਮੇਰੇ ਘਰ ਆਉਣਗੇ। ਫਿਰ ਉਸ ਨੇ ਸੋਚਿਆ ਕੀ ਪਤਾ, ਗੁਰੂ ਜੇ ਅੰਤਰਜਾਮੀ ਹੋਇਆ ਤਾਂ ਮੇਰੇ ਘਰ ਬਿਨਾਂ ਬੁਲਾਏ ਆ ਜਾਵੇਗਾ ਅਤੇ ਮੈਨੂੰ ਉਸ ਅੱਗੇ ਝੁਕਣਾ ਪਏਗਾ। ਉਸਨੇ ਘਰ ਦੇ ਵੱਡੇ ਮੁੱਖ ਦਰਵਾਜ਼ੇ ਦਾ ਅੰਦਰੋਂ ਕੁੰਡਾ ਲਗਾ ਲਿਆ। ਫਿਰ ਉਸ ਨੇ ਸੋਚਿਆ ਕਿ ਜੇ ਗੁਰੂ ਅੰਤਰਜਾਮੀ ਹੋਇਆ ਤਾਂ ਉਹ ਆਵਾਜ਼ ਮਾਰ ਕੇ ਬੂਹੇ ਦਾ ਕੁੰਡਾ ਖੁਲਵਾ ਕੇ ਅੰਦਰ ਆ ਜਾਵੇਗਾ। ਇਹ ਗੱਲ ਸੋਚ ਕੇ ਉਹ ਆਪਣੇ ਘਰ ਦੀ ਛੱਤ 'ਤੇ ਚੜ੍ਹ ਗਿਆ ਅਤੇ ਆਪਣੇ ਉੱਪਰ ਸਰੋਂ ਦਾ ਸਰਹਾਟਾ ਲੈ ਕੇ ਉਸ ਵਿੱਚ ਲੁਕ ਗਿਆ ਅਤੇ ਸੋਚਿਆ ਕਿ ਹੁਣ ਤਾਂ ਨਾਮਧਾਰੀਆਂ ਦੇ ਗੁਰੂ ਮੇਰੇ ਤੱਕ ਨਹੀਂ ਪੁੱਜ ਸਕਣਗੇ ਅਤੇ ਘਰ ਦੇ ਦੂਜੇ ਮੈਂਬਰਾਂ ਨੂੰ ਕਹਿ ਕੇ ਮਕਾਨ ਨੂੰ ਲੱਗੀ ਹੋਈ ਲੱਕੜ ਦੀ ਪੌੜੀ ਲੁਹਾ ਕੇ ਦੂਰ ਰਖਵਾ ਦਿੱਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਹਜ਼ੂਰੀ ਸਿੱਖਾਂ ਦੇ ਜਥੇ ਨਾਲ ਹਰਬੰਸ ਸਿੰਘ ਮਿਸਤਰੀ ਦੇ ਘਰ ਜਾਂਦਿਆਂ ਹੋਇਆਂ ਅਕਾਲੀ ਪ੍ਰਤਾਪ ਸਿੰਘ ਦੇ ਘਰ ਦੇ ਦਰਵਾਜ਼ੇ ਅੱਗੇ ਜਾ ਖੜ੍ਹੇ ਹੋਏ ਅਤੇ ਘਰ ਦੇ ਦਰਵਾਜ਼ੇ ਦਾ ਕੁੰਡਾ ਖੜਕਾਇਆ। ਘਰ ਵਾਲਿਆਂ ਨੇ ਦਰਵਾਜ਼ਾ ਖੋਲ੍ਹ ਦਿੱਤਾ। ਹੁਣ ਸਤਿਗੁਰੂ ਜੀ ਘਰ ਦੇ ਵਿਹੜੇ ਵਿੱਚ ਜਾ ਖਲੋਤੇ ਅਤੇ ਮਕਾਨ ਦੀ ਛੱਤ ਉੱਪਰ ਜਾਣ ਲਈ ਲੱਕੜ ਦੀ ਪੌੜੀ ਮੰਗਵਾਈ, ਫਿਰ ਪੌੜੀ ਰਾਹੀਂ ਮਕਾਨ ਦੀ ਛੱਤ ਉੱਪਰ ਚਲੇ ਗਏ ਅਤੇ ਸਰੋਂ ਦੇ ਸਰਹਾਟੇ ਦੀਆਂ ਭਰੀਆਂ ਖਿਸਕਾ ਕੇ ਅਕਾਲੀ ਪ੍ਰਤਾਪ ਸਿੰਘ ਜੋ ਉਹਨਾਂ ਵਿੱਚ ਲੁਕਿਆ ਸੀ, ਬਾਹਰ ਕੱਢ ਲਿਆ। ਸਤਿਗੁਰੂ ਜੀ ਨੇ ਕਿਹਾ, "ਬਸ ਕਿ ਕੁਝ ਹੋਰ ਕੁਝ ਦੇਖਣਾ ਹੈ?" ਆਪ ਸਤਿਗੁਰੂ ਜੀ ਮਕਾਨ ਦੀ ਛੱਤ 'ਤੇ ਜਾ ਕੇ ਘੁੰਮਣ ਫਿਰਨ ਲੱਗ ਪਏ। ਪ੍ਰਤਾਪ ਸਿੰਘ ਅਕਾਲੀ, ਸਤਿਗੁਰੂ ਜੀ ਦਾ ਇਹ ਅਲੌਕਿਕ ਚਮਤਕਾਰ ਦੇਖ ਕੇ ਬਹੁਤ ਹੈਰਾਨ ਹੋਇਆ, ਉਸ ਦਾ ਹੰਕਾਰ ਖ਼ਤਮ ਹੋ ਚੁੱਕਾ ਸੀ।

ਉਹ ਸਤਿਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਸਤਿਗੁਰਾਂ ਨੇ ਬਹਾਦਰ ਸਿੰਘ ਮਾਨਾਂਵਾਲੀਏ ਨੂੰ ਜੋ ਸਤਿਗੁਰਾਂ ਦਾ ਚੌਰ ਬਰਦਾਰ ਸੀ, ਕਿਹਾ, "ਇਸ ਅਕਾਲੀ ਨੂੰ ਨਾਮ ਦੀ ਦਾਤ ਬਖਸ਼ੋ।" ਸੰਤ ਬਹਾਦਰ ਸਿੰਘ ਨੇ ਅਕਾਲੀ ਪ੍ਰਤਾਪ ਸਿੰਘ ਦੇ ਕੰਨ ਵਿੱਚ ਨਾਮ ਦੇ ਦਿੱਤਾ। ਹੁਣ ਅਕਾਲੀ ਪ੍ਰਤਾਪ ਸਿੰਘ 'ਤੇ ਮਸਤੀ ਦਾ ਆਲਮ ਛਾ ਗਿਆ, ਮਸਤ ਹੋਇਆ ਫਿਰੇ, ਕਦੇ ਢਾਹਾਂ ਮਾਰ ਰੋਵੇ ਤੇ ਕਦੇ ਹੱਸਣ ਲੱਗ ਪਵੇ। ਉਸ ਅਕਾਲੀ ਨੂੰ ਵੇਖਕੇ ਹੋਰ ਵੀ ਅਨੇਕ ਸਿੱਖਾਂ ਨੇ ਨਾਮ ਦੀ ਦਾਤ ਪ੍ਰਾਪਤ ਕੀਤੀ। ਦੂਜੇ ਦਿਨ ਅੰਮ੍ਰਿਤ ਵੇਲੇ ਸਾਡੇ ਘਰ (ਸੰਤ ਬੰਤਾ ਸਿੰਘ) ਆਸਾ ਦੀ ਵਾਰ ਲਗਾਈ। ਫੇਰ ਸਤਿਗੁਰੂ ਜੀ ਪਿੰਡ ਖੁੱਡਾ ਤੋਂ ਅੱਗੇ ਪਿੰਡ ਪਲਾਚੱਕ ਵਿਖੇ ਸੰਤ ਵਰਿਆਮ ਸਿੰਘ ਤੇ ਸ਼ਾਮ ਸਿੰਘ ਦੇ ਘਰ ਚਰਨ ਪਾਏ। ਉੱਥੋਂ ਫਿਰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਦੁਆਰੇ ਟਾਹਲੀ ਸਾਹਿਬ ਗਏ, ਉੱਥੇ ਉਹਨਾਂ ਦਿਨਾਂ ਵਿੱਚ ਸੰਤ ਮੇਹਰ ਸਿੰਘ ਨਾਮਧਾਰੀ ਜੌਹਲਾਂ ਵਾਲੇ ਗ੍ਰੰਥੀ ਸਨ। ਉਸ ਤੋਂ ਬਾਅਦ ਆਪ ਜੀ ਪਿੰਡ ਮੂਨਕ ਕਲਾਂ ਚਲੇ ਗਏ।

1940 ਈਸਵੀ ਵਿੱਚ ਖੁੱਡੇ ਪਿੰਡ ਦੇ ਨਿਵਾਸੀ ਧਨੀ ਰਾਮ ਨੂੰ ਮੈਂ (ਸੰਤ ਬੰਤਾ ਸਿੰਘ) ਗੜ੍ਹਦੀਵਾਲਾ ਲਿਜਾਣ ਦੀ ਸੋਚ ਸੋਚੀ ਕਿਉਂਕਿ ਧਨੀਰਾਮ ਮੈਨੂੰ ਕਾਫ਼ੀ ਚਿਰ ਤੋਂ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਤਰਲੇ ਕਰ ਰਿਹਾ ਸੀ। ਉਧਰ ਸਤਿਗੁਰੂ ਜੀ ਗੜ੍ਹਦੀਵਾਲਾ ਤੋਂ ਅੱਗੇ ਜਾਣ ਲਈ ਪੂਰੀ ਤਿਆਰੀ ਵਿੱਚ ਸਨ, ਪਰ ਉਹਨਾਂ ਦੀ ਕਾਰ ਪੂਰੀ ਤਰ੍ਹਾਂ ਠੀਕ ਹੋਣ 'ਤੇ ਵੀ ਨਹੀਂ ਚੱਲਦੀ ਸੀ। ਸਤਿਗੁਰੂ ਜੀ, ਸੰਤ ਮਾਲਾ ਸਿੰਘ ਖੁਣ ਖੁਣਕਲਾਂ ਵਾਲਿਆਂ ਨੂੰ ਕਹਿ ਰਹੇ ਸਨ ਕਿ "ਅੱਜ ਕੀ ਭਾਣਾ ਵਰਤ ਗਿਆ, ਜੋ ਕਾਰ ਚੱਲ ਨਹੀਂ ਰਹੀ?" ਏਧਰ ਮੈਂ ਤੇ ਧਨੀ ਰਾਮ ਅਸੀਂ ਤੇਜ਼ ਚੱਲਕੇ ਗੜ੍ਹਦੀਵਾਲਾ ਡੇਰਾ ਬਾਬਾ ਹਰਨਾਮ ਸਿੰਘ ਜੀ ਪਹੁੰਚ ਗਏ। ਧਨੀ ਰਾਮ ਨੇ ਜਾਂਦਿਆਂ ਹੀ ਸਤਿਗੁਰਾਂ ਦੇ ਚਰਨਾਂ 'ਤੇ ਸੀਸ ਰੱਖ ਦਿੱਤਾ ਅਤੇ ਦੇਰ ਹੋਈ ਦੀ ਖਿਮਾਂ ਦੀ ਮੁਆਫ਼ੀ ਮੰਗੀ। ਸਤਿਗੁਰਾਂ ਦੇ ਹੁਕਮ ਤੇ ਸੰਤ ਬਹਾਦਰ ਸਿੰਘ ਮਾਨਾਂਵਾਲੀਏ ਜੋ ਸਤਿਗੁਰਾਂ ਦਾ ਚੌਰ ਬਰਦਾਰ ਸੀ, ਧਨੀ ਰਾਮ ਨੂੰ ਕੰਨ ਵਿੱਚ ਨਾਮ ਦੇ ਦਿੱਤਾ। ਧਨੀ ਰਾਮ ਨੂੰ ਨਾਮ ਦੇਣ ਦੀ ਦੇਰ ਹੀ ਸੀ ਕਿ ਸਤਿਗੁਰਾਂ ਦੀ ਕਾਰ ਵੀ ਸਟਾਰਟ ਹੋ ਗਈ। ਸਤਿਗੁਰੂ ਜੀ ਵਲਟੋਹੇ (ਜ਼ਿਲ੍ਹਾ ਅੰਮ੍ਰਿਤਸਰ) ਵੱਲ ਚਲੇ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਪਹਿਲਾ ਅਨੰਦ ਕਾਰਜ ਸਰਦਾਰ ਜੀਊਣ ਸਿੰਘ ਕਾਲੂਵਾਹਰ (ਜ਼ਿਲ੍ਹਾ ਜਲੰਧਰ) ਦੇ ਘਰ ਹੋਇਆ ਸੀ। ਉੱਥੇ ਅਸੀਂ 1944 ਈਸਵੀ ਵਿੱਚ ਮੇਲੇ 'ਤੇ ਗਏ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਸ ਸਮੇਂ ਬੀਬੀ ਲੀਲਾਵੰਤੀ ਵੀ ਸੀ, ਜੋ ਆਤਮਾ ਸਿੰਘ ਰਾਵਲਪਿੰਡੀ ਵਾਲਿਆਂ ਦੀ ਸੁਪਤਨੀ ਸੀ। ਸਤਿਗੁਰੂ ਜੀ ਕਾਲੂਵਾਹਰ ਤੋਂ ਭੋਗਪੁਰ ਘੋੜੀਆਂ 'ਤੇ ਆਏ। ਅੱਗੇ ਸਤਿਗੁਰੂ ਜੀ ਕਾਰ ਵਿੱਚ ਬੈਠ ਕੇ ਅੱਗੇ ਚਲੇ ਗਏ।

ਜਥੇਦਾਰ ਅਤਰ ਸਿੰਘ ਨੇ ਕਾਲੂਵਾਹਰ ਵਿੱਚ

ਦੀਵਾਨ ਲਗਾਇਆ ਸੀ। ਉਥੋਂ ਦੇ ਮੁਸਲਮਾਨ ਕਹਿਣ ਕਿ ਅਤਰ ਸਿੰਘ ਖੜਤਾਲਾਂ ਵਜਾਉਂਦਾ ਹੋਇਆ ਮਕਾਨਾਂ 'ਤੇ ਚੜ੍ਹ ਜਾਂਦਾ ਹੈ। ਇਹ ਸੁਣਕੇ ਅਤਰ ਸਿੰਘ ਮਸਤਾਨਾ ਹੋ ਗਿਆ। ਉਸ ਦੀਆਂ ਖੜਤਾਲਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਛੇ ਸੇਰ ਦੀਆਂ ਹੁੰਦੀਆਂ ਸਨ। ਉਸ ਨੇ ਮਸਤਾਨਾ ਹੋ ਕੇ ਧਾਰਨਾ ਪੜ੍ਹੀ "ਅਲੂਣਾ ਸਾਗ ਬਿਦਰ ਦਾ ਖਾਧਾ ਮੇਰੀ ਵਾਰੀ ਹਨ੍ਹੇਰ ਪੈ ਗਿਆ।" ਮੁਸਲਮਾਨ ਅਤਰ ਸਿੰਘ ਦੀ ਮਸਤਾਨੀ ਹਾਲਤ ਵੇਖ ਕੇ ਮੂੰਹ ਵਿੱਚ ਉਂਗਲਾਂ ਪਾ ਰਹੇ ਸਨ।

ਨਾਮਧਾਰੀ ਸਿੱਖ ਸੱਜਣ ਤੋਂ ਪਹਿਲਾਂ ਮੈਂ ਸ਼ੇਖੂਪੁਰਾ ਵਰਤਮਾਨ ਪਾਕਿਸਤਾਨ ਵਿਖੇ ਸਰਵੇ ਮਹਿਕਮੇ ਵਿੱਚ ਰੋਟੀ ਪਕਾਉਣ ਤੇ ਡਾਕ ਲਿਆਉਣ ਦਾ ਕੰਮ ਕਰਦਾ ਸੀ। ਉੱਥੇ ਮੈਂ ਸੰਤ ਜੈਮਲ ਸਿੰਘ ਅਰੋੜਾ ਨਾਮਧਾਰੀ ਦੇ ਚੁਬਾਰੇ ਵਿੱਚ ਕਿਰਾਏ 'ਤੇ ਰਿਹਾ ਕਰਦਾ ਸੀ। ਇੱਕ ਵਾਰ ਮੈਨੂੰ ਸੰਤਾਂ ਨੇ ਕਿਹਾ ਕਿ ਤੂੰ ਨਾਮ ਲੈ ਲੈ। ਪ੍ਰੰਤੂ ਮੈਂ ਕਿਹਾ ਕਿ ਮੈਂ ਮੋਨਾ ਹਾਂ ਹੁੱਕਾ ਤੰਬਾਕੂ ਪੀਂਦਾ ਹਾਂ, ਛੱਡ ਨਹੀਂ ਸਕਦਾ। ਸੰਤਾਂ ਨੇ ਕਿਹਾ, "ਸਤਿਗੁਰੂ ਕਿਰਪਾ ਕਰਨਗੇ।" ਇਕ ਦਿਨ ਸੰਤ ਜੈਮਲ ਸਿੰਘ ਜੀ ਨੇ ਮੈਨੂੰ ਸੰਤ ਤੇਜਾ ਸਿੰਘ ਸਮਸਾ ਢੱਡੇ ਵਾਲਿਆਂ ਨਾਲ ਸ਼ੇਖੂਪੁਰੇ ਬੱਸ ਅੱਡੇ 'ਤੇ ਮਿਲਾਇਆ, ਜੋ ਲਾਹੌਰ ਜਾ ਰਹੇ ਸਨ। ਮੈਨੂੰ ਉਨ੍ਹਾਂ ਭਜਨ ਦੱਸ ਦਿੱਤਾ। ਬੱਸ ਫਿਰ ਕੀ ਸੀ ਮੇਰੀ ਬਿਰਤੀ ਮਸਤਾਨੀ ਹੋ ਗਈ। ਮੈਂ ਚੁਬਾਰੇ ਵਿੱਚ ਆ ਕੇ ਹੁੱਕਾ ਤੇ ਚਿਲਮ ਭੰਨ ਸੁੱਟੇ। ਸਿਗਰਟਾਂ ਵਗਾਹ ਮਾਰੀਆਂ ਤੇ ਭਜਨ ਕਰਨ ਲੱਗ ਪਿਆ।

ਇਸ ਤਰ੍ਹਾਂ ਹੋਰ ਬਹੁਤ ਜ਼ੁਬਾਨੀ ਇਤਿਹਾਸ, ਜੋ ਬਹੁਤ ਕੀਮਤੀ ਇਤਿਹਾਸਕ ਘਟਨਾਵਾਂ ਦੇ ਪੱਤਰੇ ਹਨ। ਬਜ਼ੁਰਗ ਸੰਤਾਂ, ਪੁਰਸ਼ਾਂ ਤੋਂ ਇਕੱਤਰ ਕੀਤੇ ਜਾ ਸਕਦੇ ਹਨ, ਜੋ ਸਮੇਂ ਦੇ ਬੀਤਣ ਨਾਲ ਅਲੋਪ ਹੋ ਰਹੇ ਹਨ, ਲੋੜ ਹੈ ਕਿ ਇੱਧਰ ਧਿਆਨ ਦਿੱਤਾ ਜਾਵੇ।

ਸੰ:94177-69103

**ਪਿਛਲੇ ਸਫ਼ੇ 20 ਦੀ ਬਾਕੀ........ਰਾਮਦਾਸਹੁ ਅਰਜਣੁ**

ਭਾਦੋਂ ਸੁਦੀ ਤੀਜ ਵਾਲੇ ਦਿਨ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਣੀ ਕਾਰਨ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਵਿੱਚ ਦਰਸ਼ਨ ਦਿੱਤੇ। ਭੋਗ ਪੈਣ ਤੋਂ ਬਾਅਦ ਸੰਗਤ ਨੂੰ ਆਪ ਜੀ ਨੇ ਫ਼ੁਰਮਾਇਆ ਕਿ ਹੁਣ ਉਨ੍ਹਾਂ ਦਾ ਨਿਜ-ਘਰ ਜਾਣ ਦਾ ਸਮਾਂ ਆ ਗਿਆ ਹੈ। ਆਪ ਸਭ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਸਰੂਪ ਜਾਣ ਕੇ ਭਾਵਨਾ ਰੱਖਣੀ।

ਬਾਬਾ ਮੋਹਨ ਜੀ ਅਤੇ ਮੋਹਰੀ ਜੀ ਨੂੰ ਗੁਰੂ ਅਰਜਨ ਦੇਵ ਜੀ ਦਾ ਸਾਥ ਦੇਣ ਦਾ ਹੁਕਮ ਕੀਤਾ। ਪੰਜਵੇਂ ਪਾਤਸ਼ਾਹ ਜੀ ਨੂੰ ਅੰਮ੍ਰਿਤ ਸਰੋਵਰ ਪੱਕਾ ਕਰਨ ਦੀ ਤਾਕੀਦ ਕੀਤੀ। ਆਪ ਜੀ ਵੱਲੋਂ ਸੱਚਖੰਡ ਪਧਾਰਨ ਦੀ ਤਿਆਰੀ ਹੋਈ ਜਾਣ ਸ੍ਰੀ ਮਾਤਾ ਭਾਨੀ ਜੀ ਨੇ ਵੀ ਨਾਲ ਹੀ ਲਿਜਾਣ ਲਈ ਬੇਨਤੀ ਕੀਤੀ। ਪਰ ਪਾਤਸ਼ਾਹ ਜੀ ਉਪਦੇਸ਼ ਦਿੱਤਾ ਕਿ ਉਹ ਬਹੁਤ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਹੋਣ ਦਾ ਸ਼ਰਫ ਹਾਸਿਲ ਹੋਇਆ ਹੈ। ਉਨ੍ਹਾਂ ਦੇ ਹਾਲੇ ਸੁਆਸ ਬਾਕੀ ਹਨ, ਇਸ ਲਈ ਪ੍ਰਭੂ ਭਾਣੇ ਅਨੁਸਾਰ ਆਪਣਾ ਸਮਾਂ ਬਿਤਾ ਕੇ ਫਿਰ ਸਾਡੇ ਕੋਲ ਆ ਜਾਣ। ਸਤਿਗੁਰੂ ਜੀ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਨੂੰ ਪ੍ਰੇਮ ਭਰੇ ਬਚਨ ਕਹਿੰਦੇ ਹੋਏ ਮੂੰਹ ਢੱਕ ਕੇ ਲੰਮੇ ਪੈ ਗਏ ਅਤੇ ਪੰਜ ਭੌਤਿਕ ਦੇਹੀ ਤਿਆਗ ਸਚਖੰਡ ਜਾ ਪਧਾਰੇ। ਬਿਆਸ ਦਰਿਆ ਦੇ ਕੰਢੇ ਸ੍ਰੀ ਗੁਰੂ ਅਮਰਦਾਸ ਜੀ ਦੇ ਦੇਹੁਰੇ ਪਾਸ ਆਪ ਦਾ ਸਸਕਾਰ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਿਖਾ ਨੂੰ ਅਗਨੀ ਦਿਖਾਈ। ਉਧਰ ਜਦ ਪ੍ਰਿਥੀ ਚੰਦ ਨੂੰ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਦਾ ਪਤਾ ਲੱਗਾ ਤਾਂ ਉਹ ਉੱਥੋਂ ਜ਼ਹਿਰ ਉਗਲਦਾ ਹੋਇਆ ਗੋਇੰਦਵਾਲ ਨੂੰ ਤੁਰ ਪਿਆ। ਉਹ ਕਹਿ ਰਿਹਾ ਸੀ ਕਿ ਗੁਰੂ ਅਰਜਨ ਦੇਵ ਨੇ ਗੁਰੂ ਰਾਮਦਾਸ ਜੀ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ ਹੈ। ਪੂਜਾ ਦੇ ਲਾਲਚ ਵਿੱਚ ਆ ਕੇ ਦੋ ਦਿਨ ਵੀ ਸਬਰ ਨਹੀਂ ਕਰ ਸਕਿਆ।

ਗੁਰਤਾ ਤਿਲਕ ਭਲੋ ਇਨ ਪਾਯੋ॥
ਦੁਇ ਦਿਨ ਬਿਤੇ ਨ ਬਿਸ ਕੋ ਖਵਾਯੋ॥
ਪੁਜਾਵਨ ਕੋ ਲਾਲਚ ਕਰ ਕਰਿ ਕੈ॥
ਮਾਰਯੋ ਪਿਤਾ ਕਪਟ ਕੋ ਧਰਿ ਕੈ॥

ਪਰ ਪ੍ਰਿਥੀ ਚੰਦ ਦੀਆਂ ਕਪਟ ਭਰੀਆਂ ਗੱਲਾਂ ਦਾ ਸੰਗਤ ਉੱਪਰ ਨਾ ਕੋਈ ਅਸਰ ਹੋਣਾ ਸੀ ਤੇ ਨਾ ਹੀ ਹੋਇਆ। ਸਭ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੈ ਜੈਕਾਰ ਹੋ ਰਹੀ ਸੀ। ਭੱਟ ਹਰਿਬੰਸ ਜੀ ਲਿਖਦੇ ਹਨ:

ਦੇਵਪੁਰੀ ਮਹਿ ਗਯਉ ਆਪਿ ਪਰਮੇਸਰ ਭਾਯਉ॥
ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥
ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥
ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥

-----------

# ਬਰਸਾਤ ਦੇ ਮੌਸਮ ਵਿੱਚ ਸਿਹਤ ਸੰਭਾਲ

**ਡਾ. ਕਮਲਦੀਪ ਕੌਰ ਕੂਕਾ**

ਕੜਕਦੀ ਧੁੱਪ ਅਤੇ ਗਰਮੀ ਤੋਂ ਬਾਅਦ ਬਰਸਾਤ ਦਾ ਮੌਸਮ ਭਾਵੇਂ ਜੀਵ-ਜੰਤੂਆਂ ਲਈ ਖੁਸ਼ੀਆਂ ਲੈ ਕੇ ਆਉਂਦਾ ਹੈ, ਪਰ ਆਹਾਰ-ਵਿਹਾਰ ਵਿੱਚ ਅਣਗਹਿਲੀ ਕਰਨ ਨਾਲ ਪੇਟ, ਚਮੜੀ ਅਤੇ ਕੇਸਾਂ ਦੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

ਆਯੁਰਵੇਦ ਅਨੁਸਾਰ ਗਰਮੀਆਂ ਸਮੇਂ ਸਰੀਰ ਵਿੱਚ ਪਿੱਤ ਦਾ ਵਾਧਾ ਹੁੰਦਾ ਹੈ, ਜੋ ਕਿ ਬਰਸਾਤ ਦੇ ਆਉਣ ਨਾਲ ਪ੍ਰਕੁਪਿਤ ਹੋ ਕੇ ਸਰੀਰ ਤੋਂ ਬਾਹਰ ਨਿਕਲਦਾ ਹੈ, ਜਿਸ ਨਾਲ ਪਿੱਤ ਵਾਲੀਆਂ ਸਮੱਸਿਆਵਾਂ ਦਾ ਆਗਾਜ਼ ਹੁੰਦਾ ਹੈ, ਜਿਵੇਂ ਕਿ ਤੇਜ਼ਾਬ ਬਣਨਾ (Hyperacidity), ਚਮੜੀ ਦੇ ਰੋਗ ਅਤੇ ਕੇਸਾਂ ਦੀਆਂ ਸਮੱਸਿਆਵਾਂ। ਓਜਸ ਘਟਣ ਨਾਲ ਰੋਗਾਂ ਪ੍ਰਤੀ ਲੜਨ ਦੀ ਸ਼ਕਤੀ (Immunity) ਵੀ ਘਟ ਜਾਂਦੀ ਹੈ।

ਇਸ ਲਈ ਬਰਸਾਤ ਦੇ ਮੌਸਮ ਵਿੱਚ ਰੋਗਾਂ ਦੀ ਰੋਕਥਾਮ ਲਈ ਆਹਾਰ ਅਤੇ ਵਿਹਾਰ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

**ਆਹਾਰ–** ਇਸ ਮੌਸਮ ਵਿੱਚ ਜਠਰਾਗਨੀ (Digestive Forces) ਪਿੱਤ ਪ੍ਰਕੁਪਿਤ ਹੋਣ ਕਾਰਨ ਘਟ ਜਾਂਦੀ ਹੈ, ਜਿਸ ਦੇ ਕਾਰਨ ਭੁੱਖ ਘੱਟ ਲਗਦੀ ਹੈ, ਇਸ ਲਈ ਸੌਖੇ ਹਜ਼ਮ ਹੋਣ ਵਾਲੇ ਪਦਾਰਥਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ। ਤਲੇ ਹੋਏ ਪਦਾਰਥਾਂ ਦਾ ਸੇਵਨ ਕਦੇ-ਕਦੇ ਹੀ ਅਤੇ ਬਹੁਟ ਘੱਟ ਮਾਤਰਾ ਵਿੱਚ ਕਰਨਾ ਚਾਹੀਦਾ ਹੈ।

ਪਿੱਤ ਵਧਾਉਣ ਵਾਲੇ ਪਦਾਰਥ- ਮਸਾਲੇ, ਮਿਰਚ, ਚਾਹ, ਕੌਫੀ, ਅਚਾਰ, ਚਟਨੀ ਆਦਿ ਦਾ ਸੇਵਨ ਘੱਟ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਨਾਲ ਤੇਜ਼ਾਬ ਕਾਰਨ ਪੇਟ ਵਿੱਚ ਜਲਨ ਦੀ ਸਮੱਸਿਆ ਇਸ ਮੌਸਮ ਵਿੱਚ ਜ਼ਿਆਦਾ ਹੋ ਸਕਦੀ ਹੈ।

ਭੋਜਨ ਵਿੱਚ ਕੱਦੂ, ਘੀਆ, ਪੇਠਾ, ਤੋਰੀ, ਕਰੇਲਾ, ਪਰਵਲ, ਬੈਂਗਣ, ਦਾਲਾਂ ਦਾ ਸੇਵਨ ਜ਼ਿਆਦਾ ਅਤੇ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਸਾਗ, ਪਾਲਕ ਆਦਿ ਦਾ ਪ੍ਰਯੋਗ ਘੱਟ ਕਰਨਾ ਚਾਹੀਦਾ ਹੈ।

ਰੋਗ ਪ੍ਰਤੀਰੋਧਕ ਸ਼ਕਤੀ ਨੂੰ ਇਸ ਮੌਸਮ ਵਿੱਚ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ, ਜਿਸ ਲਈ ਰਾਤ ਤੋਂ ਪਾਣੀ ਵਿੱਚ ਭਿਉਂ ਕੇ ਰੱਖੇ 10-12 ਮੁਨੱਕੇ / ਕਿਸ਼ਮਿਸ਼ (Resins) ਅਤੇ ਹਲਦੀ (Turmeric) ਵਾਲੇ ਦੁੱਧ ਦਾ ਸੇਵਨ ਕਰਨਾ ਚਾਹੀਦਾ ਹੈ। ਕੱਚੇ (Uncooked Food) ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਸਾਫ਼-ਸੁਥਰਾ ਪੱਕਿਆ ਹੋਇਆ ਭੋਜਨ ਛਕਣਾ ਚਾਹੀਦਾ ਹੈ।

ਭਾਵੇਂ ਮੌਸਮ ਬਰਸਾਤ ਦਾ ਹੈ, ਪਰ ਫੇਰ ਵੀ ਗਰਮੀ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਸਕਦੀ ਹੈ, ਇਸ ਲਈ ਵਾਰ-ਵਾਰ ਸਾਫ਼ ਪਾਣੀ ਪੀਣਾ ਚਾਹੀਦਾ ਹੈ। ਬਹੁਤ ਠੰਡਾ ਪਾਣੀ ਪੀਣ ਦੀ ਬਜਾਏ ਸਾਦਾ ਜਾਂ ਘੜੇ ਦਾ ਪਾਣੀ ਪੀਣਾ ਚਾਹੀਦਾ ਹੈ। ਇਸ ਮੌਸਮ ਵਿੱਚ ਦਿਨ ਸਮੇਂ ਦੁੱਧ ਅਤੇ ਰਾਤ ਸਮੇਂ ਦਹੀਂ ਦਾ ਸੇਵਨ ਨਹੀਂ ਕਰਨਾ ਚਾਹੀਦਾ।

**ਵਿਹਾਰ–** ਦਿਨ ਦੇ ਸਮੇਂ ਨਹੀਂ ਸੌਣਾ ਚਾਹੀਦਾ ਕਿਉਂਕਿ ਪ੍ਰਕੁਪਿਤ ਪਿੱਤ ਦੇ ਪ੍ਰਭਾਵ ਨਾਲ ਜ਼ਿਆਦਾ ਲੰਬੇ ਸਮੇਂ ਲਈ ਸੁੱਤਾ ਜਾਂਦਾ ਹੈ ਅਤੇ ਇਸ ਦੇ ਕਾਰਨ ਰਾਤ ਸਮੇਂ ਨੀਂਦ ਲੈਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਸੂਰਜ ਉਦੇ ਹੋਣ ਤੋਂ ਪਹਿਲਾਂ ਜਾਗ, ਇਸ਼ਨਾਨ ਕਰਕੇ ਚੜ੍ਹਦੇ ਸੂਰਜ ਦੀਆਂ ਕਿਰਨਾਂ ਦਾ ਵੀ ਇਸ਼ਨਾਨ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਪਿੱਤ ਦੇ ਵਾਧੇ ਕਰਕੇ ਦਿਨ ਸਮੇਂ ਧੁੱਪ ਵਿੱਚ ਘੱਟ ਬਾਹਰ ਨਿਕਲਣਾ ਚਾਹੀਦਾ ਹੈ।

ਸੂਤੀ ਕੱਪੜਿਆਂ ਦਾ ਪ੍ਰਯੋਗ ਜ਼ਿਆਦਾ ਤੋਂ ਜ਼ਿਆਦਾ ਕਰਨਾ ਚਾਹੀਦਾ ਹੈ। ਪਸੀਨਾ ਆਉਣ ਤੋਂ ਬਾਅਦ ਕੱਪੜੇ ਬਦਲ ਲੈਣੇ ਚਾਹੀਦੇ ਹਨ, ਨਹੀਂ ਤਾਂ ਚਮੜੀ ਦੀਆਂ ਸਮੱਸਿਆਵਾਂ Pimples ਆਦਿ ਵਿੱਚ ਵਾਧਾ ਹੁੰਦਾ ਹੈ। ਘੱਟ ਥਕਾਉਣ ਵਾਲੀ ਵਰਜ਼ਿਸ਼ ਜਿਵੇਂ ਕਿ ਯੋਗਾ, ਸੈਰ, ਜੌਗਿੰਗ, ਸਾਈਕਲਿੰਗ ਆਦਿ ਜ਼ਰੂਰ ਕਰਨੀ ਚਾਹੀਦੀ ਹੈ।

**ਬਰਸਾਤ ਦੇ ਮੌਸਮ ਵਿੱਚ ਕੇਸਾਂ ਦੀ ਦੇਖਭਾਲ**

ਕੇਸਾਂ ਦੀਆਂ ਆਮ ਸਮੱਸਿਆਵਾਂ ਜਿਵੇਂ ਕਿ ਸਮੇਂ ਤੋਂ ਪਹਿਲਾਂ ਚਿੱਟੇ ਹੋਣੇ (Premature Greying of Hair), ਕੇਸ ਝੜਨੇ (Hairfall), ਸਿੱਕਰੀ (Dandruff), ਖੁਸ਼ਕੀ ਅਤੇ ਭੁਰਭੁਰਾਪਨ (Dry and Brittle Hair)ਅਤੇ ਕੇਸਾਂ ਦੀ ਚਿਕਨਾਹਟ (Oily Hair)ਬਰਸਾਤ ਦੇ ਮੌਸਮ ਵਿੱਚ ਵਧ ਜਾਂਦੀਆਂ ਹਨ। ਤਨਾਵ, ਕਬਜ਼ ਅਤੇ ਕੈਮੀਕਲ ਯੁਕਤ ਸ਼ੈਂਪੂ ਆਦਿ ਦੀ ਵਰਤੋਂ ਨਾਲ ਕੇਸਾਂ ਦੀਆਂ ਸਮੱਸਿਆਵਾਂ ਵਿੱਚ ਹੋਰ ਵਾਧਾ ਹੋ ਜਾਂਦਾ ਹੈ।

ਕੇਸਾਂ ਦੀ ਸਫਾਈ ਲਈ ਰੀਠਾ ਅਤੇ ਸ਼ਿਕਾਕਾਈ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

**ਸਿੱਕਰੀ ਜਾਂ ਖਾਰਿਸ਼** ਲਈ ਕੇਸਾਂ ਨੂੰ ਧੋਣ ਤੋਂ ਬਾਅਦ ਸੁਕਾ ਕੇ, 10-15 ਮਿੰਟ ਲਈ ਦਹੀਂ ਅਤੇ ਥੋੜੇ ਨਿੰਬੂ ਦੇ ਰਸ ਦਾ ਮਿਸ਼ਰਣ ਲਗਾਉਣਾ ਚਾਹੀਦਾ ਹੈ, ਜਿਸ ਤੋਂ ਬਾਅਦ ਦੁਬਾਰਾ ਚੰਗੀ ਤਰ੍ਹਾਂ ਕੇਸਾਂ ਨੂੰ ਧੋ ਲੈਣਾ ਚਾਹੀਦਾ। ਦਹੀਂ ਦਾ ਪ੍ਰਯੋਗ ਸਿਰਫ਼ ਧੋ ਕੇ ਸੁਕਾਏ ਹੋਏ ਕੇਸਾਂ 'ਤੇ ਹੀ

ਕਰਨਾ ਚਾਹੀਦਾ ਹੈ। ਅਣਧੋਤੇ ਜਾਂ ਗਿੱਲੇ ਕੇਸਾਂ 'ਤੇ ਦਹੀਂ ਲਗਾਉਣ ਨਾਲ ਅਕਸਰ ਅਣਸੁਖਾਵੀਂ ਗੰਧ ਪੈਦਾ ਹੋ ਸਕਦੀ ਹੈ।

**ਕੇਸ ਝੜਦੇ ਹੋਣ** ਜਾਂ ਰੁੱਖੇ ਹੋਣ ਤਾਂ ਤਾਜ਼ਾ ਕਵਾਰ ਗੰਦਲ (Aloe vera) ਨੂੰ ਛਿੱਲ ਕੇ ਉਸ ਦੇ ਅੰਦਰ ਦੇ ਗੁੱਦੇ (Pulp) ਨੂੰ ਸਿਰ 'ਤੇ 20-25 ਮਿੰਟ ਲਈ ਲਗਾਉਣ ਤੋਂ ਬਾਅਦ ਧੋਣ ਨਾਲ ਫਾਇਦਾ ਹੁੰਦਾ ਹੈ। ਗਿੱਲੇ ਕੇਸ ਬੰਨ੍ਹਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਕੇਸ ਪੂਰੀ ਤਰਾਂ ਸੁਕਾ ਕੇ ਹੀ ਬੰਨ੍ਹਣੇ ਚਾਹੀਦੇ ਹਨ। ਹਫਤੇ ਵਿੱਚ ਘੱਟ ਤੋਂ ਘੱਟ 2 ਵਾਰ ਬਾਦਾਮ (Almond), ਤਿਲ (Sesame) ਜਾਂ ਜੈਤੂਨ (Olive) ਦਾ ਤੇਲ ਕੇਸਾਂ ਵਿੱਚ ਲਗਾਉਣਾ ਚਾਹੀਦਾ ਹੈ।

ਇਹਨਾਂ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਬਰਸਾਤ ਦੇ ਮੌਸਮ ਦੀ ਖੂਬਸੂਰਤੀ ਦਾ ਅਨੰਦ ਮਾਣ ਸਕਦੇ ਹਾਂ।

ਆਯੂਰਵੈਦਿਕ ਮੈਡੀਕਲ ਅਫਸਰ,
ਸਿਵਲ ਹਸਪਤਾਲ, ਫਰੀਦਕੋਟ (ਪੰਜਾਬ)
ਸੰਪਰਕ ਨੰਬਰ: +91-9501015625
ਈਮੇਲ: kamaldeepkaurkuka@gmail.com

## ਏਥੇ ਰਾਜ ਨਾ ਰਹੇ ਫਰੰਗੀਆਂ ਦਾ

ਏਥੇ ਰਾਜ ਸੀ ਜਦੋਂ ਫਰੰਗੀਆਂ ਦਾ,
ਪੈਰ-ਪੈਰ ਤੇ ਸੰਘਰ ਮਚਾਈ ਗਿਆ ਮੈਂ।
ਏਥੇ ਰਾਜ ਨਾ ਰਹੇ ਫਰੰਗੀਆਂ ਦਾ,
ਏਦਾਂ ਕਹਿ-ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।

ਜੋ ਵੀ ਅਮਰ ਸ਼ਹੀਦਾਂ ਤੋਂ ਸਿੱਖਿਆ ਮੈਂ,
ਤਨੋਂ ਮਨੋਂ ਮੈਂ ਉਹਦਾ ਪ੍ਰਚਾਰ ਕੀਤਾ।
ਜਿੰਨੀ ਵਾਰ ਵੀ ਜੰਮਿਆ ਮਰ-ਮਰ ਕੇ,
ਫ਼ਰਜ਼ ਆਪਣਾ ਪੂਰਾ ਹਰ ਵਾਰ ਕੀਤਾ।
ਕੂਕਾ ਬਣ ਕੇ ਤੋਪਾਂ ਨੂੰ ਮੱਥਾ ਲਾਇਆ,
ਗ਼ਦਰੀ ਬਣ ਕੇ ਗ਼ਦਰ ਮਚਾਈ ਗਿਆ ਮੈਂ।
ਏਥੇ ਰਾਜ ਨਾ ਰਹੇ ਫ਼ਰੰਗੀਆਂ ਦਾ,
ਏਦਾਂ ਕਹਿ-ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।

ਫਾਂਸੀ ਚੜਿਆ ਜਦੋਂ ਸਰਾਭਾ ਬਣਕੇ,
ਮਰਨ ਲੱਗਾ ਅੰਗ੍ਰੇਜ਼ਾਂ ਨੂੰ ਕਹਿ ਗਿਆ ਮੈਂ।
ਸਾਡੇ ਦੇਸ਼ ਚੋਂ ਚੱਲਦੇ ਬਣੋ ਛੇਤੀ,
ਕਿਉਂਕਿ ਤੁਸਾਂ ਦੇ ਮਗਰ ਹੁਣ ਪੈ ਗਿਆ ਮੈਂ।
ਕੱਚੀ ਉਮਰੇ ਜੇ ਮਾਰਦੇ ਰਹੇ ਮੈਨੂੰ,
ਪੱਕ-ਪੱਕ ਸ਼ਮਸ਼ਾਨ ਚੋਂ ਆਈ ਗਿਆ ਮੈਂ।
ਏਥੇ ਰਾਜ ਨਾ ਰਹੇ ਫ਼ਰੰਗੀਆਂ ਦਾ,
ਏਦਾਂ ਕਹਿ-ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।

ਫਿਰ ਮੈਂ ਜੰਮਿਆ ਬੱਬਰ ਸ਼ੇਰ ਬਣਕੇ,
ਮੁਖ਼ਬਰ ਕੰਬ ਗਏ ਜਦੋਂ ਦਹਾੜਿਆ ਮੈਂ।
ਜਿਹੜਾ-ਜਿਹੜਾ ਵੀ ਮੁਖ਼ਬਰ ਹੱਥ ਲੱਗਾ,
ਖੜ ਕੇ ਪੱਤਣਾਂ ਚੁਰਾਹਿਆਂ 'ਚ ਪਾੜਿਆ ਮੈਂ।
ਮੁਖ਼ਬਰ ਆਪਣਾ ਫ਼ਰਜ਼ ਨਿਭਾਈ ਗਏ ਸੀ,
ਏਧਰ ਆਪਣਾ ਫ਼ਰਜ਼ ਨਿਭਾਈ ਗਿਆ ਮੈਂ।
ਏਥੇ ਰਾਜ ਨਾ ਰਹੇ ਫ਼ਰੰਗੀਆਂ ਦਾ,
ਏਦਾ ਕਹਿ ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।
ਐਸੀ ਮਾਰਨੀ ਮਾਰਿਆ ਸਾਂਡਰਸ ਨੂੰ,
ਸੁਖ ਰਹਿਣੀਆਂ ਮੇਮਾਂ ਡਰਾ ਦਿੱਤੀਆਂ।
ਦਿੱਲੀ ਖੁਸ਼ੀ ਦੇ ਵਾਜੇ ਵਜਾ ਦਿੱਤੇ,
ਲੰਡਨ ਸੋਗ ਦੀਆਂ ਸਫ਼ਾਂ ਵਿਛਾ ਦਿੱਤੀਆਂ।
ਸਰ ਮਾਈਕਲ ਦੀ ਜਾਨ ਕੀ ਬਖਸ਼ਣੀ ਸੀ,
ਪੈਰ-ਪੈਰ 'ਤੇ ਬੀ.ਟੀ ਫੁੜਕਾਈ ਗਿਆ ਮੈਂ।
ਏਥੇ ਰਾਜ ਨਾ ਰਹੇ ਫ਼ਰੰਗੀਆਂ ਦਾ,
ਏਦਾ ਕਹਿ-ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।

ਜ਼ੁਲਮ ਰੱਜਵਾਂ ਕੀਤਾ ਫਰੰਗੀਆਂ ਨੇ,
ਠੱਲ੍ਹ ਮੈਂ ਵੀ ਤਾਂ ਜ਼ੁਲਮ ਨੂੰ ਲਾਈ ਰੱਖੀ।
ਰਣ-ਭੂਮੀ 'ਚ ਜੇ ਭਿਵਾਨੀ ਆਈ,
ਉਹ ਵੀ ਲਹੂ ਦੇ ਨਾਲ ਰਜਾਈ ਰੱਖੀ।
ਕਿਤੇ ਆਪਣਾ ਕਿਤੇ ਫਰੰਗੀਆਂ ਦਾ,
ਉਹਨੂੰ ਰੱਜਵਾਂ ਲਹੂ ਪਿਲਾਈ ਗਿਆ ਮੈਂ।
ਕਈ ਪੀੜੀਆਂ ਸੜਿਆ ਸ਼ਮਾਂ ਉੱਤੇ,
ਪਰ ਮੈਂ ਸੜਦਿਆਂ-ਸੜਦਿਆਂ ਅੱਕਿਆ ਨਹੀਂ।
'ਮੰਡ' ਲਿਖਦਿਆਂ ਲਿਖਦਿਆਂ ਅੱਕਿਆ ਹੋਊ,
ਪਰ ਮੈਂ ਸੜਦਿਆਂ-ਸੜਦਿਆਂ ਥੱਕਿਆ ਨਹੀਂ।
ਆਖਰ ਹੂਰ ਆਜ਼ਾਦੀ ਵਿਆਹ ਹੀ ਲਈ,
ਜੀਹਦੇ ਲਈ ਸੀ ਤਨ ਜਲਵਾਈ ਗਿਆ ਮੈਂ।
ਏਥੇ ਰਾਜ ਨਾ ਰਹੇ ਫ਼ਰੰਗੀਆਂ ਦਾ,
ਏਦਾਂ ਕਹਿ ਕਹਿ ਕੇ ਧੌਂਸਾ ਖੜਕਾਈ ਗਿਆ ਮੈਂ।

**ਹਜਾਰਾ ਸਿੰਘ ਮੰਡ**

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

-ਹਰਪਾਲ ਸਿੰਘ ਸੇਵਕ

**(ਪਿਛਲੇ ਅੰਕ ਤੋਂ ਅੱਗੇ)**

ਅਕਾਲ ਪੁਰਖ ਦੀ ਆਗਿਆ ਅਨੁਸਾਰ ਸ਼ਿਵ ਨੇ ਦੋ ਅਵਤਾਰ ਧਾਰਨ ਕੀਤੇ ਪਹਿਲਾ ਦੱਤ ਅਵਤਾਰ, ਜਿਸਨੇ ਬਹੁਤ ਜੋਗ ਸਾਧਨਾ ਕੀਤੀਆਂ ਪਰ ਗੁਰੂ ਨਾ ਧਾਰਿਆ, ਤਦ ਅਕਾਸ਼ ਬਾਣੀ ਹੋਈ-

ਦਤ ਸਤ ਕਹੋ ਤੁਝੈ ਗੁਰ ਹੀਨ ਮੁਕਤਿ ਨ ਹੋਇ।

ਫੇਰ ਦੱਤ ਨੇ ਚੌਵੀ ਗੁਰੂ ਧਾਰਨ ਕੀਤੇ। 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ'- ਗੁਰਵਾਕ ਅਨੁਸਾਰ ਦੱਤ ਦੇ ਗੁਰੂ ਧਾਰਨ ਦਾ ਪ੍ਰਸੰਗ ਵੀ ਬੜਾ ਪ੍ਰੇਰਣਾਦਾਇਕ ਹੈ। ਦੱਤ ਤੀਰਥ ਭ੍ਰਮਣ ਕਰਦਿਆਂ ਜਿਸ ਵਿਚ ਕੋਈ ਇਕ ਗੁਣ ਵੀ ਵੇਖਦਾ ਹੈ ਉਸਦੇ ਔਗੁਣ ਨਾ ਵੇਖ, ਉਸਨੂੰ ਗੁਰੂ ਧਾਰਦਾ ਹੈ ਅਤੇ ਉਹ ਗੁਣ ਆਪਣੇ ਜੀਵਨ ਵਿਚ ਧਾਰਨ ਕਰਦਾ ਹੈ। ਤੁਲਸੀ ਦਾਸ ਜੀ ਦਾ ਵੀ ਕਥਨ ਹੈ-

ਵਿਦਿਆ ਕਬਹੂੰ ਨ ਛੋਡੀਐ ਜਦਪਿ ਨੀਚ ਪੈ ਹੋਇ॥
ਪੜੇ ਅਪਾਵਨ ਠੋਰ ਪਰ ਕੰਚਨ ਤਜੇ ਨ ਕੋਇ॥

ਮੱਛੀ ਫੜਨ ਲਈ ਧਿਆਨ ਮਗਨ ਬੈਠੇ ਬਗਲੇ ਨੂੰ ਵੇਖ ਕੇ ਦਤ ਨੇ ਸੋਚਿਆ-

ਐਸੋ ਧਿਆਨ ਨਾਥ ਹਿਤ ਲਈਐ।
ਤਬ ਹੀ ਪਰਮ ਪੁਰਖ ਕਹੁ ਪਈਐ।
ਮਛਾਂਤਕ ਲਖਿ ਦਤ ਲੁਭਾਨਾ।
ਚਤਰਥ ਗੁਰੂ ਤਾਸ ਅਨੁਮਾਨਾ।

ਦੱਤ ਨੇ ਜਟਾਧਾਰੀ ਸੰਨਿਆਸੀ ਪੰਥ ਚਲਾਇਆ ਅਤੇ ਸ਼ਿਵ ਦਾ ਦੂਸਰਾ ਅਵਤਾਰ ਹੋਇਆ- ਮਹਾਨ ਤੇਜੱਸਵੀ ਰਾਜਾ ਪਾਰਸਨਾਥ ਜਿਸ ਸਾਰੀ ਦੁਨੀਆਂ ਜਿੱਤ ਕੇ ਸਾਰੇ ਰਾਜਿਆਂ ਦੀ ਇਕ ਸਭਾ ਬੁਲਾ ਕੇ ਕਿਹਾ-

ਮੋ ਤੇ ਅਉਰ ਬਲੀ ਕੋ ਹੈ।
ਜਉਨ ਮੋ ਤੇ ਜੰਗ ਜੀਤੈ ਜੁੱਧ ਮੈ ਕਰ ਜੈ।

ਇਕ ਰਾਜੇ ਨੇ ਡਰਦਿਆਂ, ਜਾਨ ਬਖਸ਼ੀ ਮੰਗਦਿਆਂ ਕਿਹਾ-

ਏਕ ਭੂਪਤਿ ਉਚਰੋ ਸੁਨਿ ਲੇਹੁ ਰਾਜਾ ਬੈਨ।
ਜਾਨ ਮਾਫ ਕਰੋ ਕਹੋ ਤਬ ਰਾਜ ਰਾਜ ਸੁ ਨੈਨ।
ਏਕ ਹੈ ਮੁਨਿ ਸਿੰਧੁ ਮੈ ਅਰੁ ਮਛ ਕੇ ਉਰ ਮਾਹਿ।
ਮੋਹਿ ਰਾਵ ਬਿਬੇਕ ਭਾਖੋਂ ਤਾਹਿ ਭੂਪਤ ਨਾਹਿ।

ਉਸ ਰਾਜੇ ਕਿਹਾ ਕਿ ਸਮੁੰਦਰ ਵਿਚ ਮੱਛ ਦੇ ਪੇਟ ਵਿਚ ਇਕ ਮਛਿੰਦ੍ਰਨਾਥ ਯੋਗੀ ਹੈ, ਉਹ ਤੁਹਾਨੂੰ ਦੱਸੇਗਾ ਕਿ ਕੇਹੜਾ ਰਾਜਾ ਹੈ ਜਿਸ ਨੂੰ ਤੁਸੀਂ ਅਜੇ ਤੱਕ ਜਿੱਤ ਨਹੀਂ ਸੱਕੇ। ਅੱਗੇ ਪ੍ਰਸੰਗ ਬਹੁਤ ਵਿਸਤ੍ਰਿਤ ਹੈ, ਇਸ ਲਈ ਬਾਕੀ ਕਥਾ ਦਾ ਸੰਖੇਪ ਵਰਨਣ ਕਰਕੇ- ਮੋਹ ਅਤੇ ਬਿਬੇਕ ਦੀ ਵਿਚਾਰ ਚਰਚਾ ਦੇ ਵਿਸ਼ੇ ਤੇ ਆਉਂਦੇ ਹਾਂ ਪਾਰਸਨਾਥ ਮਛਿਦ੍ਰ ਨਾਥ ਜੋਗੀ ਦੀ ਭਾਲ ਵਿਚ ਨਿਕਲਿਆ ਫੇਰ ਉਹ ਮੱਛ ਕਿਸੇ ਜਾਲ ਨਾਲ ਫੜਿਆ ਨਹੀਂ ਜਾਂਦਾ ਤਾਂ ਰਾਜੇ ਨੇ ਕਿਹਾ-

- "ਯੋ ਨ ਪਾਨਿ ਪਰੇ ਮੁਨਾਬਰ ਹੋਹਿਂ ਕੋਟਿ ਉਪਾਇ।
ਡਾਰ ਕੇ ਤੁਮ ਗਯਾਨ ਜਾਰ ਸੁ ਤਾਸੁ ਲੇਹੁ ਗਹਾਇ।"
- "ਗਯਾਨ ਜਾਰ ਜਬੈ ਨ੍ਰਿਪੰਬਰ ਡਾਰਿਯੋ ਤਿਹ ਬੀਚ।
ਤਉਨ ਜਾਰ ਗਹੋ ਮੁਨਬਰ ਜਾਨੁ ਦੂਜ ਦਧੀਚ॥"

ਗਿਆਨ ਦਾ ਜਾਲ ਪਾ ਕੇ ਉਸ ਮੱਛ ਨੂੰ ਫੜਿਆ ਗਿਆ ਤਾਂ ਫੇਰ ਉਹ ਕਿਸੇ ਹਥਿਆਰ ਨਾਲ ਕੱਟਿਆ ਨਹੀਂ ਜਾਂਦਾ। ਫੇਰ ਰਾਜਾ ਆਪਣੇ ਗਿਆਨ ਗੁਰੂ ਨੂੰ ਪੁਛਦਾ ਹੈ ਅਤੇ ਉਸਦੇ ਦੱਸੇ ਅਨੁਸਾਰ-

ਤਬ ਕਾਮ ਤੈਸੋ ਈ ਕੀਨ। ਗੁਰ ਗਯਾਨ ਜਯੋਂ ਸਿਖਦੀਨ॥
ਗਹਿ ਕੈ ਬਿਬੇਕਹਿ ਹਾਥ। ਤਿਹ ਚੀਰਿਆ ਤਿਹਸਾਥ॥

ਬਿਬੇਕ ਦੇ ਛੁਰੇ ਨਾਲ ਉਸ ਮੱਛ ਨੂੰ ਚੀਰਿਆ। ਵਿਚੋਂ ਸਮਾਧੀ ਲੀਨ ਬੈਠੇ ਮਛਿੰਦ੍ਰ ਨਾਥ ਨੂੰ ਕੱਢਿਆ। ਇਸ ਪ੍ਰਸੰਗ ਰਾਹੀਂ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਗਿਆਨ ਦੇ ਸੋਮੇਂ ਤੱਕ ਪਹੁੰਚਣ ਲਈ ਸ਼ਕਤੀ ਨਹੀਂ ਗਿਆਨ ਵਾਨ ਅਤੇ ਵਿਵੇਕਸ਼ੀਲ ਹੋਣਾ ਜਰੂਰੀ ਹੈ। ਸੱਤ ਧਾਤਾਂ ਦਾ ਪੁਤਲਾ ਉਸ ਸਾਮ੍ਹਣੇ ਰੱਖਿਆ ਗਿਆ, ਉਸ ਦੀ ਸਮਾਧੀ ਖੁੱਲ੍ਹੀ ਤਾਂ ਤਪ ਦੇ ਤੇਜ ਨਾਲ ਪਹਿਲੀ ਦ੍ਰਿਸ਼ਟੀ ਨਾਲ ਉਹ ਪੁਤਲਾ ਭਸਮ ਹੋ ਗਿਆ। ਫੇਰ ਪਾਰਸ ਨਾਲ ਨੇ ਸਨਮੁੱਖ ਹੋ ਕੇ ਮਛਿੰਦ੍ਰ ਨਾਥ ਨੂੰ ਪੁਛਿਆ-

ਕਉਨ ਭੂਪ ਭੂਮਿ ਮੈ ਬਤਾਇ ਮੋਹਿ ਦੀਜੀਯੈ।

ਜੋ ਮੋਹਿ ਤ੍ਰਾਸ ਨ ਤ੍ਰਸਯੋ ਕ੍ਰਿਪਾ ਰਿਖੀਸ ਕੀਜੀਐ।
ਸੁ ਅਉਰ ਕਉਨ ਹੈ ਹਠੀ ਸੁ ਜਉਨ ਮੋ ਨ ਜੀਤਿਯੋ।
ਅਤ੍ਰਾਸ ਕਉਨ ਠਉਰ ਹੈ ਜਹਾ ਨ ਮੋਹ ਬੀਤਿਯੋ।

ਉਹ ਕੇਹੜਾ ਰਾਜਾ ਹੈ ਜੋ ਅਜੇ ਤੱਕ ਮੇਰੇ ਡਰ ਤੋਂ ਮੇਰੀ ਸ਼ਕਤੀ ਤੋਂ ਬਚਿਆ ਹੈ ਜਿਸਨੂੰ ਮੈਂ ਅਜੇ ਨਹੀਂ ਜਿੱਤ ਸੱਕਿਆ। ਮਛਿੰਦ੍ਰ ਨਾਥ ਦਾ ਜਵਾਬ ਗੁਰੂ ਸਾਹਿਬ ਬਹੁਤ ਸੁੰਦਰ ਵਰਨਣ ਕਰਦੇ ਹਨ-

ਮਛਿੰਦ ਬਾਚ ਪਾਰਸਨਾਥ ਸੋ-

ਸਵੈਯਾ- ਕਹਾ ਭਯੋ ਜੋ ਸਭ ਹੀ ਜਗ ਜੀਤ ਕੈ
ਲੋਗਨ ਕੋ ਬਹੁ ਤ੍ਰਾਸ ਦਿਖਾਯੋ।
ਅਉਰ ਕਹਾ ਜੋ ਪੈ ਦੇਸ ਬਿਦੇਸਨ
ਮਾਹਿ ਭਲੇ ਗਜ ਗਾਹਿ ਬਧਾਯੋ।
ਜੋ ਮਨ ਜੀਤਤ ਹੈ ਸਭ ਦੇਸ ਵਹੈ
ਤੁਮਰੇ ਨ੍ਰਿਪ ਹਾਥ ਨ ਆਯੋ।
ਲਾਜ ਗਈ ਕਛੁ ਕਾਜ ਸਰਯੋ ਨਹੀ
ਲੋਕ ਗਯੋ ਪਰਲੋਕ ਨ ਪਾਯੋ।

ਮਛਿੰਦ੍ਰ ਨਾਥ ਨੇ ਕਿਹਾ ਕਿ ਹੇ ਰਾਜਨ ਤੂੰ ਦੁਨੀਆਂ ਤੇ ਤ੍ਰਾਸ-ਤ੍ਰਾਸ ਕਰਕੇ ਲੋਕਾਂ ਨੂੰ ਡਰਾਇਆ। ਪਰ ਸਭ ਨੂੰ ਜਿਤਣ ਵਾਲਾ ਮਨ ਤੇਰੇ ਵਸ ਨਹੀਂ ਆਇਆ ਜੋ ਮਨ ਨੂੰ ਜਿੱਤ ਲੈਂਦਾ ਹੈ ਸਾਰੀ ਦੁਨੀਆਂ, ਸਾਰੇ ਦੇਸ਼ ਉਸਦੇ ਹਨ। ਗੁਰੂ ਨਾਨਕ ਦੇਵ ਜੀ ਵੀ ਜਪੁ ਸਾਹਿਬ ਵਿਚ ਲਿਖਦੇ ਹਨ- 'ਮਨ ਜੀਤੈ ਜਗਜੀਤ'- ਇਹ ਉਸੇ ਮਨ ਰਾਜੇ ਨੂੰ ਜਿੱਤਣ ਦੀ ਗਲ ਹੈ ਜਿਸ ਬਾਰੇ ਭਗਤ ਕਬੀਰ ਜੀ ਲਿਖਦੇ ਹਨ ਕਿ ਮੋਹ ਦੇ, ਅਬਿਬੇਕ ਦੇ ਮਜਬੂਤ ਕਿਲੇ ਵਿਚ ਆਕੀ ਹੋਇਆ ਮਨ ਰਾਜਾ 'ਭਗਵਤ ਭੀਰਿ ਸਕਤਿ ਸਿਮਰਨ ਕੀ' ਅਤੇ 'ਸਾਧ ਸੰਗਤਿ ਅਰੁ ਗੁਰ ਕੀ ਕਿਰਪਾ ਤੇ ਪਕਰਿਓ ਗਢੁ ਕੋ ਰਾਜਾ' ਗੁਰਵਾਕ ਹੈ- 'ਮਨ ਵਸ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ' ਸਤਿ ਸੰਗ ਅਤੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਬਿਬੇਕ ਬੁਧੀ ਨਾਲ ਹੀ ਵਿਕਾਰਾਂ ਤੇ ਕਾਬੂ ਪਾ ਕੇ ਮਨ ਵਸ ਹੋ ਸਕਦਾ ਹੈ।

ਮਛਿੰਦ੍ਰ ਨਾਥ ਰਾਜੇ ਨੂੰ ਆਖਦਾ ਹੈ ਕਿ ਤੂੰ ਜਿਸ ਰਾਜ ਭਾਗ ਦਾ ਮਾਣ ਕਰਦਾ ਹੈ, ਉਸ ਵਿਚੋਂ ਕੁਝ ਵੀ ਤੇਰੇ ਨਾਲ ਨਹੀਂ ਜਾਣ ਵਾਲਾ। ਤੇਰੇ ਭੰਡਾਰ, ਧਨ ਪਦਾਰਥ ਤੇਰੇ ਸਰੀਰ ਤਿਆਗਦਿਆਂ ਹੀ ਬੇਗਾਨਾ ਹੋ ਜਾਵੇਗਾ। ਤੇਰੇ ਪੁਤ੍ਰ, ਪਰਵਾਰ, ਮਿੱਤ੍ਰ ਅੰਤ ਸਮੇਂ ਤੇਰਾ ਸਾਥ ਨਹੀਂ ਦੇ ਸੱਕਣਗੇ, ਹੋਰ ਤੇ ਕੀ ਤੇਰਾ ਜਨਮ ਸਮੇਂ ਮਿਲਿਆ ਸਰੀਰ ਵੀ ਤੇਰੇ ਨਾਲ ਨਹੀਂ ਜਾ ਸੱਕੇਗਾ।

ਰਾਜ ਕੇ ਸਾਜ ਕੋ ਕਉਨ ਗੁਮਾਨ ਨਿਦਾਨ
ਸੁ ਆਪਨ ਸੰਗ ਨ ਜੈਹੈ॥
ਭਉਨ ਭੰਡਾਰ ਭਰੇ ਘਰ ਬਾਰ
ਸੁ ਏਕ ਹੀ ਬਾਰ ਬਿਗਾਨ ਕਹੈ ਹੈ॥
ਪੁਤ੍ਰ ਕਲੱਤ੍ਰ ਸੁਮਿਤ੍ਰ ਸਖਾ ਕੋਈ
ਅੰਤਿ ਸਮੈ ਤੁਹਿ ਸਾਥ ਨ ਦੈ ਹੈ॥
ਚੇਤ ਰੇ ਚੇਤ ਅਚੇਤ ਮਹਾ ਪਸੁ
ਸੰਗ ਬੀਯੋ ਸੋ ਭੀ ਸੰਗ ਨ ਜੈ ਹੈ॥

ਫੇਰ ਪਾਰਸ ਨਾਥ ਪੁਛਦਾ ਹੈ ਕਿ ਉਹ ਰਾਜਾ (ਮਨ) ਕਿਥੇ ਹੈ ਮੈਨੂੰ ਦੱਸੋ ਮੈਂ ਉਸ ਨੂੰ ਜਿੱਤ ਕੇ ਅਜਿੱਤ ਰਾਜਾ ਅਖਵਾ ਸੱਕਾਂ।

ਮੁਨਿ ਕਉਨ ਹੈ ਵਹ ਰਾਉ।
ਤਿਹ ਆਜ ਮੋਹਿ ਬਤਾਉ।
ਤਿਹ ਜੀਤ ਹੋ ਜਬ ਜਾਇ।
ਤਬ ਭਾਖੀਅਉ ਮੁਹਿ ਰਾਇ॥

ਮਛਿੰਦ੍ਰ ਨਾਥ ਨੇ ਰਾਜੇ ਨੂੰ ਕਿਹਾ-

ਸੁਨ ਰਾਜ ਰਾਜਨ ਹੰਸ। ਭਵ ਭੂਮਿ ਕੇ ਅਵਿਤੰਸ॥
ਤੁਹਿ ਜੀਤਏ ਸਬ ਰਾਇ। ਪਰ ਸੋ ਨ ਜੀਤਯੋ ਜਾਇ॥
ਅਬਿਬੇਕ ਹੈ ਤਿਹ ਨਾਉ। ਤਵ ਹੀਯ ਮੈ ਤਿਹ ਠਾਉ॥
ਤਿਹ ਜੀਤ ਕਹੀ ਨ ਭੂਪ। ਵਹ ਹੈ ਸਰੂਪ ਅਨੂਪ॥

ਮਛਿੰਦ੍ਰ ਨਾਥ ਨੇ ਰਾਜੇ ਨੂੰ ਕਿਹਾ ਕਿ ਉਹ ਅਬਿਬੇਕ ਹੈ ਜੋ ਤੇਰੇ ਹਿਰਦੇ ਵਿਚ ਵੱਸਦਾ ਹੈ। ਉਸ ਕਿਹਾ ਕਿ ਜਦੋਂ ਤੋਂ ਸ੍ਰਿਸ਼ਟੀ ਬਣੀ ਹੈ, ਬਿਬੇਕ, ਅਬਿਬੇਕ ਦਾ ਯੁੱਧ ਚਲਦਾ ਰਹਿੰਦਾ ਹੈ ਪਰ ਏਨਾਂ ਚੋਂ ਕੋਈ ਵੀ ਜਿੱਤਿਆ ਨਹੀਂ ਗਿਆ ਕੋਈ ਇਕ ਖਤਮ ਨਹੀਂ ਹੋ ਸੱਕਿਆ। ਪਾਰਸ ਨਾਥ ਆਖਦਾ ਹੈ ਕਿ ਹੇ ਮੁਨੀਸ਼ਵਰ ਮੈਨੂੰ ਬਿਬੇਕ, ਅਬਿਬੇਕ ਦੇ ਰਥ ਘੋੜੇ, ਸੈਨਾਪਤੀ ਆਦਿ ਸਭ ਕੁਝ ਬਾਰੇ ਵਿਸਥਾਰ ਸਹਿਤ ਦੱਸੋ-

ਸੁਨਹੁ ਮਛਿੰਦ੍ਰ ਬੈਨ ਕਹੋ ਤੁਹਿ ਬਾਤ ਬਿਚਛਨ।
ਇਕ ਬਿਬੇਕ ਅਬਿਬੇਕ ਜਗਤ ਦੈ ਨ੍ਰਿਪਤਿ ਸੁਲਛਨ।
... ਇਕ ਤਾਤ ਏਕ ਹੀ ਬੰਸ ਪੁਨਿ
ਬੈਰ ਭਾਵ ਦੁਹ ਕਿਮ ਗਹੋ।
ਤਿਹ ਨਾਮ ਠਾਮ ਆਭਰਣ ਰਥ
ਸਸਤ੍ਰ ਅਸਤ੍ਰ ਸਬ ਮੁਨਿ ਕਹੋ॥

**ਚਲਦਾ.............**

# ਅੜਬੰਗੀ (ਨਾਵਲ)

**ਸਵ. ਸੰਤ ਇੰਦਰ ਸਿੰਘ ਚੱਕਰਵਰਤੀ**

ਦੂਸਰੇ ਦਿਨ ਭੇਸ ਬਦਲਾ ਕੇ ਮੈਂ ਫਿਰ ਉਸ ਪਿੰਡ ਦੇ ਆਲੇ ਦੁਆਲੇ ਫਿਰਨ ਲਗਾ। ਮੈਨੂੰ ਪੂਰਾ ਭਰੋਸਾ ਸੀ ਕਿ ਇਸ ਪਿੰਡ ਦੇ ਸਾਰੇ ਲੋਕੀਂ ਅੜਬੰਗ ਸਿੰਘ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹ ਨਿਧੜਕ ਇਥੇ ਆਉਂਦੇ ਜਾਂਦੇ ਹਨ।

ਅਗਲੇ ਦਿਨ ਮੈਂ ਥਾਣੇਦਾਰ ਨੂੰ ਕਹਿਕੇ ਉਸ ਪਿੰਡ ਦੇ ਨੰਬਰਦਾਰ ਨੂੰ ਸਦਵਾਇਆ। ਨੰਬਰਦਾਰ ਕੰਬਦਾ ਕੰਬਦਾ ਮੇਰੇ ਅਗੇ ਆ ਖਲੋਤਾ।

"ਚੌਧਰੀ ਜੀ। ਜੇ ਕੁਝ ਆਪਣਾ ਬਨਾਣਾ ਚਾਹੁੰਦੇ ਜੇ ਤਦ ਸਰਕਾਰ ਦੀ ਮਦਦ ਕਰੋ। ? ਮੈਂ ਕਿਹਾ।

"ਅਸੀਂ ਤੇ ਹੋਏ ਹੀ ਸਰਕਾਰ ਦੇ। ਸਰਕਾਰ ਦਾ ਲੂਣ ਖਾਂਦੇ ਹਾਂ, ਮਦਦ ਕਿਉਂ ਨਹੀਂ ਕਰਾਂਗੇ ਏਨੇ ਨੰਬਰਦਾਰ ਨੇ ਕਿਹਾ।

"ਫਿਰ, ਇਹ ਦੱਸ ਦਿਓ ਕਿ ਅੜਬੰਗੀ ਕਿਥੇ ਰਹਿੰਦਾ ਹੈ, ਉਸ ਦੇ ਸਾਥੀ ਡਾਕੂ ਕਿਥੇ ਰਹਿੰਦੇ ਹਨ। ਮੈਂ ਸਰਕਾਰ ਤੋਂ ਤੁਹਾਨੂੰ 10 ਹਜ਼ਾਰ ਦੀ ਰਕਮ ਇਨਾਮ ਵਜੋਂ ਦੁਆਵਾਂਗਾ।

"ਮੈਂ ਨਾ ਅੜਬੰਗੀ ਦਾ ਪਤਾ ਟਿਕਾਣਾ ਜਾਣਦਾ ਹਾਂ, ਨਾ ਹੀ ਉਨ੍ਹਾਂ ਦੇ ਸਾਥੀ ਡਾਕੂਆਂ ਦੇ ਨੰਬਰਦਾਰ ਨੇ ਕਿਹਾ।

"ਅਚਲਾ ਨਾ ਬਣ। ਤੈਨੂੰ ਸਭ ਪਤਾ ਹੈ, ਮੈਂ ਸਭ ਸਮਝਦਾ ਹਾਂ, ਜੇ ਮੈਂ ਚਾਹਾਂ ਤਦ ਅੱਜ ਹੀ ਤੈਨੂੰ ਅੜਬੰਗੀ ਨੂੰ ਪਨਾਹ ਦੇਣ ਦੇ ਜੁਰਮ ਵਿੱਚ ਬੰਨ ਸਕਦਾ ਹਾਂ।"

ਮੈਂ ਕਦੀ ਵੀ ਉਨ੍ਹਾਂ ਨੂੰ ਮਦਦ ਨਹੀਂ ਦਿੱਤੀ। ਨਾ ਹੀ ਕਦੀ ਉਨ੍ਹਾਂ ਸਾਥੋਂ ਕਿਸੇ ਤੋਂ ਕੋਈ ਮਦਦ ਮੰਗੀ ਹੀ ਹੈ।

"ਸੋਮਵਾਰ ਦੀ ਰਾਤ ਦੀ ਗੱਲ ਭੁੱਲ ਗਏ ? ਕਿਸ ਮੇਰੇ ਬੰਦੇ ਨੂੰ ਫੜ ਕੇ ਬੱਧਾ ਸੀ ?" ਮੈਂ ਸ਼ਰਮਿੰਦਗੀ ਤੋਂ ਆਪਾ ਛੁਪਾ ਰਿਹਾ ਸਾਂ।

"ਸਾਨੂੰ ਕੀ ਪਤਾ ਸੀ ਕਿ ਉਹ ਤੁਹਾਡਾ ਬੰਦਾ ਹੈ? ਅਸੀਂ ਤੇ ਸਮਝਿਆ ਕੋਈ ਅਵਾਰਾ ਗਰਦ ਚੋਰ-ਚਕਾਰ ਹੈ।

"ਕੁਝ ਵੀ ਕਹੋ ਜਾਂ ਕੁਝ ਵੀ ਸਮਝੋ। ਤੁਸੀਂ ਸਾਰੇ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਲੋੜ ਪੈਣ ਤੇ ਹਰ ਤਰ੍ਹਾਂ ਮਦਦ ਕਰਦੇ ਹੋ।

"ਇਸ ਤਪੇ ਦਾ ਕਿਹੜਾ ਬਸ਼ਰ ਹੈ, ਜੋ ਉਨ੍ਹਾਂ ਨੂੰ ਨਹੀਂ ਜਾਣਦਾ? ਉਨ੍ਹਾਂ ਨੂੰ ਤੇ ਬੱਚਾ ਬੱਚਾ ਜਾਣਦਾ ਹੈ।

"ਤਦ ਕੀ ਤੂੰ ਉਸ ਦਾ ਪਤਾ ਟਿਕਾਣਾ ਕੁਝ ਨਹੀਂ ਦਸੇਗਾ ?

"ਕੋਈ ਪਤਾ ਟਿਕਾਣਾ ਹੋਵੇ ਤਾਂ ਦੱਸਾਂ ? ਮੈਂ ਤੇ ਕੀ ਕੋਈ ਵੀ ਨਹੀਂ ਜਾਣਦਾ। ਸਾਰਾ ਜੰਗਲ ਉਨ੍ਹਾਂ ਦਾ ਘਰ ਹੈ, ਸਾਰਾ ਮਾਲਵਾ ਤੇ ਬਾਂਗਰ ਉਨ੍ਹਾਂ ਦਾ ਟਿਕਾਣਾ ਹੈ। ਹੁਣ ਇਥੇ ਤੇ ਦੋ ਘੰਟੇ ਪਿਛੋਂ ਵੀਹਾਂ-ਪੰਝੀਆਂ ਮੀਲਾਂ ਤੇ ਬੈਠਾ ਤੱਕੋਗੇ।"

"ਫਿਰ ਵੀ ਤੂੰ ਜਾਣਦਾ ਹੈ ਅਤੇ ਬਹੁਤ ਚੰਗੀ ਤਰ੍ਹਾਂ ਜਾਣਦਾ ਹੈਂ?"

ਸਰਕਾਰ ਮਾਲਕ ਹੈ, ਜੋ ਚਾਹੇ ਕਰ ਸਕਦੀ ਹੈ ਪਰ ਮੈਂ ਜਾਣਦਾ ਕੁਝ ਨਹੀਂ

ਮੈਂ ਨੰਬਰਦਾਰ ਨੂੰ ਉਸ ਦਿਨ ਹਵਾਲਾਤ ਵਿੱਚ ਰੱਖਿਆ ਅਤੇ ਬਹੁਤ ਬਹੁਤ ਡਰਾਉਂਦਾ ਧਮਕਾਉਂਦਾ ਰਿਹਾ। ਪਰ ਉਸ ਇੱਕ ਹੀ ਨੰਨਾ ਪੜਿਆ, 'ਸਰਕਾਰ ਮੈਂ ਕੁਝ ਨਹੀਂ ਜਾਣਦਾ। ਤਕਾਲੀ ਫਿਰ ਕਈ ਲਾਲਚ ਦਿੱਤੇ।
ਬਹੁਤ ਸਬਜ਼ ਬਾਗ ਵਿਖਾਏ। ਫਿਰ ਕਿਹਾ, "ਇਤਨਾ ਤੇ ਦੱਸ ਉਹ ਆਉਂਦਾ ਕਿਧਰੋਂ ਹੈ ।

"ਉਸ ਦਾ ਕੋਈ ਇੱਕ ਰਾਹ ਹੋਵੇ ਮੈਂ ਦੱਸਾਂ? ਕਦੀ ਕਿਧਰੇ ਕਦੀ ਕਿਧਰੇ। ਉਹ ਇਸ ਜੰਗਲ ਵੱਲੋਂ ਕਈ ਵਾਰ ਆਉਂਦਾ ਦੇਖਿਆ ਗਿਆ ਹੈ ।

"ਹੁਣ ਜਦ ਆਏ ਸਾਨੂੰ ਪਤਾ ਕਰਨਾ

"ਕੋਈ ਵੀ ਦੱਸ ਨਹੀਂ ਸਕਦਾ ਉਸ ਕਦ ਆਉਣਾ ਹੈ ਅਤੇ ਕਿਧਰੋਂ ਆਉਣਾ ਹੈ। ਉਹ ਬੁਰੇ ਦਿਨਾਂ ਵਾਂਗ ਆਉਂਦਾ ਹੈ, ਅਰੀ ਤੇ ਵਾਵਰੋਲੇ ਵਾਂਗ ਚਲਾ ਜਾਂਦਾ ਹੈ।

"ਉਸ ਦਿਨ ਕਿਵੇਂ ਪਤਾ ਸੀ ਕਿ ਉਹ ਆ ਰਿਹਾ ਹੈ ?

"ਉਸ ਦਿਨ ਤੇ ਪੰਡਤ ਦੁਰਗਾ ਰਾਮ ਦੀ ਕੁੜੀ ਦਾ ਵਿਆਹ ਸੀ। ਉਹ ਕੰਨਿਆ ਦਾਨ ਕਰਨ ਤੇ ਦਾਜ-ਦਹੇਜ ਦੇਣ ਆਇਆ ਸੀ।

"ਕਿਉਂ ?"

"ਕਿਉਂ ਤੇ ਕੀ ਤੇ ਉਹੀ ਜਾਣੇ ਪਰ ਇਲਾਕੇ ਦੀਆਂ ਕੁੜੀਆਂ ਦੇ ਵਿਆਹ ਉਹ ਆਪ ਹੀ ਕਰਦਾ ਹੈ।

"ਹੁਣ ਜੇ ਕਦੀ ਤੁਹਾਨੂੰ ਪਹਿਲਾਂ ਪਤਾ ਲਗੇ ਤਦ ਸਾਨੂੰ ਦੱਸਣਾ। ਜ਼ਰੂਰ ਦੱਸਣਾ।

"ਬਹੁਤ ਅੱਛਾ, ਸਰਕਾਰ ਪਤਾ ਲੱਗਣ ਤੇ ਜ਼ਰੂਰ ਦੱਸਾਂਗਾ।"

ਅਗਲੇ ਦਿਨ ਮੁਸਲਿਮ ਫ਼ਕੀਰਾਂ ਦੇ ਭੇਸ ਵਿੱਚ ਮੈਂ ਕਾਲੇ ਕੱਪੜੇ ਪਾਈ ਕੇਸ ਖੁਲ੍ਹੇ ਛੱਡ ਕਾਸਾ ਹੱਥ ਵਿੱਚ ਫੜ ਜੰਗਲ ਵਿੱਚ ਅੜਬੰਗ ਸਿੰਘ ਜੀ ਦੀ ਭਾਲ ਵਿੱਚ ਨਿਕਲਿਆ। ਇਧਰ ਮੁਸਲਿਮ ਵਾਹਕਾਂ ਦੇ ਕਈ ਇਕ ਪਿੰਡ ਸਨ, ਜਿਨ੍ਹਾਂ ਕੋਲ ਅਜਿਹੇ ਫਕੀਰ-ਫੁਕਰਾ ਆਮ ਆਉਂਦੇ ਜਾਂਦੇ ਰਹਿੰਦੇ ਸਨ। ਕਾਫ਼ੀ ਜੰਗਲ ਖੋਜ ਕਰਨ ਤੋਂ ਵੀ, ਉਨ੍ਹਾਂ ਦਾ ਕੋਈ ਵੀ ਪਤਾ ਨਾ ਲੱਗ ਸਕਿਆ। ਇਹ ਜੰਗਲ ਕੋਈ ਮਾਮੂਲੀ ਜੰਗਲ ਤੇ ਹਨ ਹੀ ਨਹੀਂ ਸਨ।

ਅੰਤ ਅਸਾਂ ਰਾਹੀਂ ਜੰਗਲ ਦੀ ਭਾਲ ਕਰਨ ਦਾ ਪ੍ਰੋਗਰਾਮ ਨਿਰਧਾਰਤ ਕੀਤਾ। ਇਹ ਸੁਣ ਕੇ ਮੇਰੇ ਪੁਲਸ ਸਾਥੀ ਤੇ ਕੰਨਾਂ ਤੇ ਹੱਥ ਧਰ ਬੈਠੇ ਅਤੇ ਕੰਬਣ ਲੱਗ ਪਏ। ਉਨ੍ਹਾਂ ਮੈਨੂੰ ਕਿਹਾ –

"ਸਰਦਾਰ ਸਾਹਿਬ! ਰਾਤ ਨੂੰ ਜੰਗਲ ਵਿਚ ਜਾਣਾ ਜਾਨ ਤੋਂ ਹੱਥ ਧੋਣਾ ਹੈ, ਕਿਉਂਕਿ ਖੂੰਖਾਰ ਜਾਨਵਰਾਂ ਦਾ ਪੈਰ-ਪੈਰ ਤੇ ਖ਼ਤਰਾ ਹੈ।

"ਮੇਰਾ ਇਹ ਮੇਜਰ ਪਿਸਟਲ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਕਾਫ਼ੀ ਹੈ। ਇਸ ਨੌਕਰੀ ਵਿਚ ਤੇ ਪੈਰ-ਪੈਰ ਤੇ ਜਾਨ ਦੇ ਲਾਲੇ ਹਨ। ਜੇ ਇਉਂ ਡਰ ਜਾਈਏ ਤਦ ਫੇਰ ਨੌਕਰੀ ਕਰਾਂਗੇ। ਤੁਸੀਂ ਨਾ ਜਾਇਓ, ਮੈਂ ਇਕੱਲਾ ਹੀ ਕਾਫੀ ਹਾਂ। ਮੈਂ ਕਿਹਾ।

ਘੁਸਮੁਸਾ ਹੁੰਦਿਆਂ ਹੀ ਮੈਂ ਥਾਨੇ ਤੋਂ ਬਾਹਰ ਹੋ ਗਿਆ। ਜੰਗਲ ਡੀਕ ਪੁੱਜਦਿਆਂ ਕਾਫ਼ੀ ਅਰਾ ਹੋ ਗਿਆ। ਮੈਂ ਚੌਕਸੀ ਨਾਲ ਚਾਰ ਚੁਫੇਰੇ ਦੀ ਆਹਟ ਲੈਂਦੇ, ਰੁੱਖਾਂ ਦੀ ਆੜ ਵਿਚ ਲੁਕਦਾ ਜਾ ਰਿਹਾ ਸਾਂ। ਮੇਰੇ ਇਕ ਹੱਥ ਵਿਚ ਮੇਜਰ ਪਸਤੌਲ ਸੀ ਅਤੇ ਮੈਂ ਆਲੇ-ਦੁਆਲੇ ਦੀ ਛਾਨਬੀਨ ਕਰਕੇ ਫਿਰ ਪੈਰ ਪੁੱਟਦਾ ਸੀ। ਬਹੁਤ ਦੂਰ ਜਾਣ ਤੇ ਵੀ ਜਦ ਕੁਝ ਪਤਾ ਨ ਲੱਗਾ ਤਦ ਮੈਂ ਰੁੱਖ ਤੇ ਚੜ੍ਹ ਬੈਠਾ। ਭਾਵੇਂ ਰੁੱਖ ਤੇ ਵੀ ਕੋਈ ਪਤਾ ਨਹੀਂ ਸੀ ਲੱਗਦਾ ਪਰ ਮੈਂ ਜੰਗਲੀ ਜਾਨਵਰਾਂ ਦੇ ਡਰ ਤੋਂ ਨਿਸ਼ਚਿਤ ਹੋ ਗਿਆ ਸੀ।

ਅੱਧੀ ਰਾਤ ਬੀਤ ਜਾਣ ਤੇ ਵੀ ਮੇਰੇ ਪੱਲੇ ਕੁਝ ਨਾ ਪਿਆ। ਮੈਂ ਰੁੱਖ ਤੋਂ ਉਤਰ ਖਲੋਤਾ। ਮੈਨੂੰ ਜਾਪਿਆ ਜਿਵੇਂ ਕੁਝ ਬੰਦੇ ਬੋਲ ਰਹੇ ਹੁੰਦੇ ਹਨ। ਖੇੜੀ ਦੂਰ ਜਾਣ ਤੋਂ ਪਿੱਛੋਂ ਕੁਝ ਸਰਸਰਾਹਟ ਜਿਹੀ ਹੋਈ। ਮੇਰਾ ਦਿਲ ਖੁਸ਼ੀ ਮਿਸ਼ਰਤ ਡਰ ਨਾਲ ਧੜਕਨ ਲੱਗ ਪਿਆ। ਮੈਂ ਸਹਿਜੇ-ਸਹਿਜੇ ਉਸ ਸੇਧ ਵੱਲ ਹੋ ਗਿਆ। ਥੋੜ੍ਹੀ ਦੂਰ ਜਾਣ ਤੋਂ ਮੈਨੂੰ ਕੁਝ ਆਹਟ ਸੁਣਾਈ ਦਿੱਤੀ। ਮੈਂ ਪਿਸਟਲ ਵਿਚ ਚਾਨਣ ਕਰਨ ਵਾਲਾ ਕਾਰਤੂਸ ਚਲਾ ਕੇ ਦੇਖਿਆ, ਮੈਨੂੰ ਇਕ ਜੰਗਲੀ ਮਾਰਖੋਰ ਜਾਨਵਰ ਨਜ਼ਰ ਪਿਆ। ਮੈਂ ਪਸਤੌਲ ਚਲਾ ਦਿੱਤਾ। ਗੋਲੀ ਚੱਲਣ ਤੇ ਜਾਨਵਰ ਮੇਰੇ ਤੇ ਟੁੱਟ ਪਿਆ। ਮੈਂ ਘਬਰਾਹਟ ਦੇ ਮਾਰੇ ਪਿੱਛੇ ਹਟਣ ਲੱਗਾ, ਮੈਂ ਕਿਸੇ ਚੀਜ਼ ਨਾਲ ਟਕਰਾ ਕੇ ਬਹੁਤ ਬੁਰੀ ਤਰਾਂ ਡਿਗਿਆ। ਦੂਜੀ ਗੋਲੀ ਚਲਾਣ ਦਾ ਸਮਾਂ ਹੀ ਨਾ ਮਿਲਿਆ। ਮੈਂ ਸਮਝ ਲਿਆ ਕਿ ਅੱਜ ਜੀਵਨ ਦਾ ਅੰਤ ਆ ਗਿਆ।

ਪਰ ਇਕ ਅਦਭੁਤ ਘਟਨਾ ਘਟੀ। ਬਾਘ ਮੇਰੇ ਤੇ ਝਪਟਾ ਮਾਰਕੇ ਪਾੜਕੇ ਖਾ ਜਾਣ ਵਾਲਾ ਹੀ ਸੀ। ਮੇਰੇ ਉੱਠ ਕੇ ਸੰਭਲ ਸੰਭਾਲਦਿਆਂ ਬਾਘ ਸਿਰ ਤੇ ਆ ਖਲੋਤਾ। ਇਸ ਤੋਂ ਪਹਿਲਾਂ ਕਿ ਉਹ ਮੇਰੇ 'ਤੇ ਹਮਲਾ ਕਰੇ, ਇਕ ਲੰਮੇਂ ਬਰਛੇ ਨੇ ਜਾਨਵਰ ਦਾ ਕਲੇਜਾ ਚੀਰ ਘੱਤਿਆ ਅਤੇ ਉਹ ਜ਼ਮੀਨ 'ਤੇ ਡਿਗ ਕੇ ਤੜਫਣ ਲੱਗਾ। ਉਸ ਬੰਦੇ ਨੇ ਮੇਰਾ ਹੱਥ ਫੜ ਕੇ ਉਠਾਇਆ ਅਤੇ ਕਿਹਾ – 'ਉਠੋ। ਸਰਦਾਰ ਸਾਹਿਬ ਉਠੋ!!

ਮੈਂ ਫਿਰ ਚਾਨਣ ਵਾਲਾ ਕਾਰਤੂਸ ਚਲਾ ਕੇ ਡਿਠਾ। ਮੇਰੇ ਸੋਹੇ ਓਹੀ ਵੀਰ ਬਹਾਦਰ ਅੜਬੰਗੀ ਸਿੰਘ ਜੀ ਖਲੋਤੇ ਸਨ, ਦੂਜੇ ਉਨ੍ਹਾਂ ਨਾਲ ਉਹੀ ਸੱਜਣ ਰੂੜ ਸਿੰਘ ਜੀ ਬਲੂਆਣੀਏ ਖਲੋਤੇ ਸਨ ਜਿਨ੍ਹਾਂ ਦੀ ਭਾਲ ਵਿਚ ਉਹ ਜੰਗਲ ਵਿਚ ਆਏ ਸਨ। ਮੇਰੀ ਹੈਰਾਨੀ ਦਾ ਕੋਈ ਵੀ ਟਿਕਾਣਾ ਨ ਰਿਹਾ। ਮੈਂ ਬਾਘ ਵੱਲ ਤੱਕਿਆ ਫਿਰ ਆਪਣੀ ਜਾਨ ਬਚਾਣ ਵਾਲੇ ਦੁਸ਼ਮਨ ਵੱਲ। ਮੇਰੀਆਂ ਅੱਖੀਆਂ ਸ਼ਰਮ ਦੇ ਮਾਰੇ ਝੁਕ ਗਈਆਂ। ਮੈਂ ਫਿਰ ਕਿਹਾ "ਅੜਬੰਗੀ ਸਿੰਘ ਜੀ ਤੁਸੀਂ ਬਹੁਤ ਵੇਲੇ ਸਿਰ ਬਹੁੜੇ।ਜੇ ਇਕ ਪਲਕ ਦੀ ਵੀ ਦੇਰੀ ਹੋ ਜਾਂਦੀ, ਤਦ ਮੈਂ ਹੁਣ ਨੂੰ ਕਦੇ ਦਾ ਮਰ ਚੁਕਿਆ ਹੁੰਦਾ। ਪਰ ਤੁਸੀਂ ਇਹ ਸ਼ਾਇਦ ਨਹੀਂ ਜਾਣਦੇ, ਜਿਸ ਦੀ ਤੁਸੀਂ ਦੋ ਵਾਰ ਜਾਨ ਬਚਾਈ ਹੈ। ਉਹ ਕ੍ਰਿਤਘਨ ਤੁਹਾਡਾ ਸਭ ਤੋਂ ਵੱਡਾ ਵੈਰੀ ਹੈ।

**ਚਲਦਾ......**

# Protector of the Relations: Nuptial and Spiritual

**A.S. Panesar**

**Satguru Partap Singh Ji carried forward the programme of revival of Sikhism and the struggle for liberation of country in different ways. At the same time, Satguru Ji worked for Hindu-Muslim and Hindu-Sikh unity, along with cooperation among the Sikh communities, for a better society and united front against colonial oppression. The contribution of Satguru Ji in the Anand Marriage Act of Sikhs and maintaining the 'Anand' form in its purest sense, is discussed in the present article.**

The Maharaja of Patiala was in trouble with his neighboring state, Nabha. The royal families of Patiala and Nabha states were connected by blood relations, yet they were facing disturbed relations with each other. However, their fight in Lahore Council took a particularly ugly turn, when seeing the two Sikh states fighting, Chaudhary Raam Dutt made a very indecent comment about the Sikhs on whole. Raam Dutt made a comment that there is no system among the Sikhs. The marriage rituals are not their own, what is the legitimacy of their children? This led to a temporary truce among the two states, since now their fight had brought the whole Sikh community in question. Now, it was a moral obligation for both the states to prove that Sikhs follow a defined ritual and are not haphazard in their habits. Tikka Ripudama Singh immediately presented that Sikhs have a marriage ritual, known as Anand, in which hymns composed by Satguru Ram Das Ji are recited, with the couple circumam-bulating, which marks the marriage ritual in Sikhs. Tikka Ripudaman Singh knew about Namdhari Sikhs and argued that in 1863, Satguru Ram Singh Ji started the ritual of Anand. The Chaudhary counter-argued, 'After the exile of Satguru Ram Singh, the sect must have been dissolved; where is the *Maryada* then?'

This incident marked the beginning of efforts by Sikh organizations to get the Anand marriage legitimized for the Sikhs. Sikhs never required a foreign Government to legalize their laws and codes. This work has always been done by the ever-lasting authority of Sikh Gurus. Whatever rules they made for Sikhs, they were followed unquestionably. With the advent of British imperialism on the soil of Punjab, this changed. The gross inaction by the masses in general and active treachery by the Sikh elite in particular, brought the conditions to such a level that to obtain legitimacy in the new socio-political order, the authority of the Britishers was sought.

The Sikhs had literally a minimal chance of proving their ritual, was it not for the strict adherence to Anand Maryada by Satguru Ram Singh Ji, Satguru Hari Singh Ji and now Satguru Partap Singh Ji. Indeed, when the case was presented to the British, both the supporters and opponents of the Anand Marriage Bill invariably mentioned Namdhari Sikhs. While the supporters mentioned that Namdhari Sikhs have 'always' followed the Anand marriages, the opposers argued that among the Sikhs, 'only' the Namdhari Sikhs follow this system, while many

other Sikhs followed Hindu rituals like Chaddar Andazi, Got Kunala, and in some cases, no ritual at all!. Hence, the Namdhari Sikhs were prominently mentioned. However, in order for supporters of the Bill to mention the Namdharis, the permission of Namdhari Guru, Satguru Partap Singh Ji was required.

This is why, the Maharaja must have been in confusion. Thirty seven years ago, his state had allied with the British and blown away 49 Namdhari Sikhs on the evening of 17th January 1872 in the parade ground of Malerkotla. This was done at the command of a British Deputy Commissioner, who had no authority of life and death, as per the British law. Yet the king of a princely state, who had at his behest, lawyers and administrators, did not object to it. Rather, the canons were sent to serve the inferior British officer! Next day, by the service of the same canons, another 16 Namdhari Sikhs were murdered, this time, at the command of a Commissioner. The injustice did not stop here. The king ordered that the property of all Namdhari Sikhs in his state be confiscated!

The present Maharaja now relied on the same Namdhari community to prove the ritual and its practice among the Sikhs! Only a good poet or writer could describe the state of mind, in which the Maharaja would have been that day. How to ask for help from the same Namdharis, which were tortured 37 years ago? How could one have expected a help in this case, in the first place? Yet the help was necessary. If Satguru Partap Singh Ji had refused help that time, what examples would have been quoted by the supporters of the Bill? Yes, few other examples could be cited, but all of them could have faced strong arguments.

As the help of Namdhari Sikhs was essential, the Maharaja sent one reputed personality Sant Jwala Singh, respected among the Namdharis, for this mission. When Sant Ji apprise Satguru Partap Singh Ji of the situation that had arisen, Satguru Ji cooperated. For Satguru Ji and Namdharis, the Bitish had no authority. But for the betterment of the general Sikh masses, who were subservient to the British authority, Satguru Ji gave a statement, "We, the Namdhari Panth and the Kookas, have been following the Anand Maryada, till now, 45 years since then (the initiation of Anand Maryada by Satguru Ram Singh Ji)". Satguru Ji appended his signature to the statement.

A few days later on, the lawyer of Nabha state, Bachan Singh, came for the same statement from Satguru Ji. Satguru Ji returned the lawyer, telling him that he would send the letter to Nabha king directly. Satguru Ji refused to give the statement to lawyer, since he might be working for the British Government and may tamper with the statement to add fuel to the already burning Hindu-Sikh communal fight. Satguru Ji send the statement on letter to Nabha king.

It is important to note here that the Sikh princely states and the general Sikh masses had inflicted many injuries and pain to Namdhari community, yet Satguru Ji was big-hearted to lend support for the Sikh cause. Had Satguru Ji refused, the Sikh cause stood no chance at the Imperial Legislative Council. Various representations reached the British authorities in support or in opposition to the Anand Marriage Bill proposed by Tikka Ripudaman Singh. The delicate situation of Sikhs in the case could easily be noted from the records of the file, preserved in teh National Archives of India.

It was argued that big personalities have married according to the Anand custom. An example was made of the Maharaja of Patiala, which must have been attended a lot of prominent British officials. A confident

argument was put forth, "It was only the other day that Anand ceremony was observed on the occasion of the marriage of Maharaja of Patiala". How long would this confident argument stayed its ground in court, when in the same file, mention is found, 'the Lieutenant-Governor has ascertained that although the "Anand" form of marriage was there adopted, the ordinary Hindu ceremony of "Pheri" was also used'.

Attempt was made to present historical evidence of the Anand ceremony from Suraj Prakash Granth of Bhai Santokh Singh. The arguments in support quoted (1) the marriage of the daughter of Matho Murari Khatri, a disciple of the 3rd Guru, Satguru Amar Das (this is the time when Guru Ram Das Ji composed the hymns now used in Anand marriages), (2) the marriage of Bibi Viron Ji, the daughter of 6th Guru, Satguru Hargobind Ji, (2) Sikhs of Abchalnagar, Nander, Maharashtra, (4) Nirankaris and (5) Namdhari Sikhs.

It is worthwhile mentioning that the hymns recited in the Anand ceremony were composed by the 4th Guru, Satguru Ram Das Ji. However, after this, the mention of the use of this form is mentioned during Bibi Viron Ji's marraige, skirmishes and fights of Sikhs started with the Mughal Government, due to which, Bibi Ji had was married at a different time. Why there was no mention of how the marriages of Sikh Gurus were undertaken? Sikhs of Abchalnagar followed the Maryada of Satguru Gobind Singh Ji. However, if they were the only ones who followed the Anand protocol, it might be so that Satguru Gobind Singh Ji initiated during the days in Nander, but it was brought in limelight and popularized by Satguru Ram Singh Ji. Interestingly, there is no mention of Sikhs in Punjab following this ritual! Nirankaris followed a simple system for marriage, but the Brahmins never complained about them to the British. The Brahmins only complained about the Namdhari Sikhs, way back in 1863. This demonstrates that the Nirankari protocol was limited in scope and adoption. In contrast, due to mass propaganda by Satguru Ram Singh Ji and strict adherence to the protocol in Namdhari Sikhs, the form of 'Anand' marriage in Namdhari Sikhs is the one that got noticed and for which both the supporters and opponents of the Anand Bill were absolutely sure!

This was clearly indicated when it was mentioned, "Namdharis, or Kukas as they are more popularly called, another most important sect of the Sikhs founded by Baba Ram Singh more than half a century ago, have never been known to perform any other ceremony than the Anand at their marriages". This, together with the endorsement given in support of the Bill by Satguru Partap Singh Ji, was thus, very important, without which there was no example to present the case for Anand marriages. Indeed, while the Singh Sabhas campaigned for support of the Bill, Sirdar Arur Singh, Manager of Golden Temple, in his representation opposing the Bill mentioned, "Even the Singh Sabha people solemnize their marriages according to the custom in vogue. Very few of them resort to the new ceremony of their own..". It might be that in some rare instances, simple forms of marriages, similar to the 'Anand' form might have been practiced in the past, but the 'Anand' form got its popular social dimension due to the efforts of Satguru Ram Singh Ji.

Satguru Partap Singh Ji rigorously maintained the Maryada, keeping it above any of the unnecessary and non-Sikh practices. However, while the contribution of Namdhari Sikhs has not been told sufficiently, an author, K.S. Talwar has rather argued that Namdhari contribution has been fabricated by the writers and has no solid foundation, in his article 'The

Anand Marriage Act' Sh. Talwar has not asked the questions regarding the relevance of the rare historical examples of Anand marriages, other than in the Namdharis. At the same time, the author very conveniently chose not to mention the illustrious way in which the example of Namdhari Sikhs practicing the Anand marriage was quoted both by the supporters or opponents of the Bill. The author seems to imply that the fire around which the couple circumambulates in the namdhari marriage style is a Hindu ritual. Some Sikhs also seem to hold this view. However, the Sikhs have always used fire for cremation. There are no records in Suraj Prakash Granth that implicate a different ritual, other than the fire. Also, this narrow-mindedness is not the mark of an academician. All prepare their food on fire. Would people give up preparing food using fire, saying that the fire is Hindu? The digits invented by Hindu civilization are used in religious texts of all religions. Would one stop numbering the pages saying that the numbers are Hindu? Further, the author mentions that Satguru Partap Singh Ji telegrammed on 13th October 1909, "Kindly omit clause 4. Substitute Sikh tenets and customs for personal law in clause 5 of Anand Marriage Bill. Otherwise, drop Bill". This, the author said, demonstrates that Namdharis were not happy about the Bill. The argument rather demonstrates that Sh. Talwar did not even care to read the historical records fully. The proposition to omit clause 4 and substitute for 'personal law' along with the proposition to name the Bill as 'Sikh Marriage Act' was given by many others, including those, whom Sh. Talwar credits for the Bill. This naive argument by the author is a perfect example of the Punjabi folk quote 'ਚੋਰ ਨਾਲੋਂ ਪੰਡ ਕਾਹਲੀ' (Theft is more eager to leave the house than the thief himself). The author seems to be steadfast in denying the contribution of Namdharis, without caring whether it reflects history truly or not. Again, the argument of the author that Namdhari Sikhs accepted it as a legalization of "the ancient Sikh marriage rite" indicates the poor knowledge of the author about Namdhari community and the contemporary times. Namdhari Sikhs never accepted the authority of the British imperialism. Since 45 years, the Anand Maryada was being followed in Namdharis, till then there was no Government recognition of the ceremony, or any plea for such a recognition. Namdharis did not go to British authorities for its legalization, because they never accepted the colonial law. The non-acceptance of the British authority is also an attribute unique to Namdharis only, just like the rigorous practice of Anand marraiges in Namdhari Sikhs, mentioned in the Anand marriage Bill. This is the magnanimity of Satguru Partap Singh Ji that he endorsed the support, for the bigger benefit to the large Sikh community!

Satguru Partap Singh Ji did not even let Mata Jiwan Kaur Ji send sweets to the in-laws of his younger brother, Maharaj Nihal Singh. Satguru Ji asked the Sikhs to mix the sweets with mud to send the message that only the Anand Maryada should be followed, even distribution of sweets is not to be undertaken. Thus, Satguru Ji protected the pious, nuptial relations from the artificial ritualism and imparted a spiritual dimension to them.

In the daily Ardaas of Namdhari Sikhs, Satguru Partap Singh Ji is celebrated by remarking: 'Atap Partap Satguru Partap Singh, who initiated the flow (mass adoption) of purity, meditation and Gurbani recital in the age of Kalyug'. Thus, Satguru Partap Singh Ji has immensely contributed to the protection of nuptial as well as spiritual relations of the Sikhs, and also gave spiritual dimension to the nuptial relations.

# ਕਾਵਿ-ਕਿਆਰੀ

## ਗੁਰੂ ਪ੍ਰਤਾਪ ਦੇ ਅਪਾਰ ਉਪਕਾਰ ਨੇ

-ਨਿਸ਼ਾਨ ਸਿੰਘ ਕਥਾਵਾਚਕ

ਜੀਵਨ ਦੇ ਚੰਨ ਕੀਤਾ ਚਾਨਣਾ ਮਨਾਂ ਦੇ ਵਿੱਚ, ਕਰ ਦਿੱਤੇ ਦੂਰ ਅਗਿਆਨ ਅੰਧਕਾਰ ਨੇ।
ਜਿਦ੍ਹੇ ਸੀਸ ਹੱਥ ਰੱਖ ਦਿੱਤਾ ਸਮਰਥ ਗੁਰੂ, ਦੇ ਕੇ ਚਾਰ ਵੱਥ ਕੀਤਾ ਰੰਕ ਰਾ ਦਾਤਾਰ ਨੇ।
ਦਿਲ ਉੱਤੇ ਵਾਰ ਕਰ ਨੈਣਾਂ ਦੀ ਕਟਾਰੀ ਕਾਰੀ, ਕੱਟ ਕੇ ਵਿਕਾਰ ਦਿੱਤੇ ਜੀਵਨ ਸਵਾਰ ਨੇ।
ਕੋਮਲ ਰਸੀਲੇ ਬੈਨ, ਕੱਟ ਰੈਨ ਦੇਣ ਚੈਨ, ਭਟਕਦੇ ਟਿਕਾਏ ਐਨ ਸੁੰਦਰ ਦੀਦਾਰ ਨੇ।
ਜਪਵਾ ਕੇ ਰਾਮ ਹਰੀ, ਹਰੀ ਬੁੱਧ ਹਰੀ ਕਰੀ, ਕੀਤੇ ਹਰਨ ਮਨੂਰੋਂ ਅਤੇ ਰੋੜਾਂ ਤੋਂ ਜਵ੍ਹਾਰ ਨੇ।
ਸ਼ੇਸ਼ ਤੇ ਗਣੇਸ਼ ਬਾਰ ਬਾਰ ਇਉਂ ਪੁਕਾਰਦੇ ਨੇ, ਗੁਰੁ ਪਰਤਾਪ ਦੇ ਅਪਾਰ ਉਪਕਾਰ ਨੇ।

ਬਾਬਾ ਜੀ ਦੀ ਅਰਜ਼ੋਈ, ਤਤਛਿਨ ਸੁਣੀ ਸੋਈ, ਮਿਹਰ ਬਾਣੀ ਮੁੱਖੋਂ ਗੋਈ ਗੁਰ ਚੀਨੀ ਅਸਵਾਰ ਨੇ।
ਤਾਂਘ ਤੇਰੀ ਪੋਤਿਆਂ ਦੀ ਛੋਟਿਆਂ ਤੋਂ ਹੋਊ ਪੂਰੀ, ਭਾਗ ਲੌਣਾ ਤੇਰੇ ਘਰ ਪ੍ਰਭੂ ਕਰਤਾਰ ਨੇ।
ਮਾਲਵੇ ਤੋਂ ਔਣਗੀਆਂ ਜੱਟੀਆਂ ਦੋ ਗੁਰੂ ਦਰ, ਬੋਲੇ ਸੀ ਅਗੰਮੀ ਬੋਲੇ ਸ਼ੇਰ ਮ੍ਰਿਗਾਰ ਨੇ।
ਹੋਵੇ ਪਰਤਾਪ ਸਿੰਘ ਵੱਡੇ ਪਰਤਾਪ ਵਾਲਾ, ਜੀਵਨ ਤੋਂ ਜੀਵਨ ਲੈ ਜੀਵਨ ਸਵਾਰਨੇ।
ਗੁਰੂ ਕੇ ਨਿਹੰਗ ਸਿੰਘਾਂ ਆਖਿਆ ਨਿਸ਼ੰਗ ਹੋ ਕੇ, ਲੀਤਾ ਅਵਤਾਰ ਅੱਜ ਦਸਮ ਅਵਤਾਰ ਨੇ।
ਨਿਰਗੁਣਿਆਰਾਂ ਉੱਤੇ ਦਇਆ ਕੈ ਦੀਦਾਰ ਦਿੱਤੇ, ਗੁਰੁ...............................।

ਬਰ ਘਰ ਕੰਤ ਆਇਆ ਖਿਮਾ ਸਿੰਧੁ ਵਰ ਦਿੱਤਾ, ਵਿਦਿਆ ਸਮੁਖ ਹੋਣ ਦਸ ਚਾਰ ਚਾਰ ਨੇ।
ਸ੍ਰੀ ਧਿਆਨ ਸਿੰਘ ਸੰਤ, ਦਿੱਤੀ ਗੁਰਬਾਣੀ ਸੰਥ, ਸੇਵਾ ਹਰਿ ਗੁਣਵੰਤ ਦੱਸੇ ਅੱਖਰ ਉਚਾਰਨੇ।
ਰਾਮ ਦੇ ਵਿਯੋਗੀਆਂ ਦੇ ਸੱਚੇ ਸਹਿਯੋਗੀਆਂ ਦੇ ਸਿਖ ਸਾਧ ਜੋਗੀਆਂ ਦੇ ਲੀਤੜੇ ਪਿਆਰ ਨੇ।
ਗੁਰਗੱਦੀ ਜਾਂ ਸੁਹਾਏ, ਮਨ ਰੋਕ ਤਪ ਤਾਏ, ਦੋ ਤੇ ਏਕ ਰੂਪ ਭਾਏ ਰੂਹ ਔਰ ਨਿਰੰਕਾਰ ਨੇ।
ਸੁੱਚ ਸੋਧ ਦੀ ਵੀਚਾਰ, ਬਾਣੀ ਤੱਤ ਪ੍ਰਚਾਰ, ਕੀਤਾ ਸਿੱਖੀ ਬਿਸਥਾਰ ਉੱਚੇ ਕੀਤੇ ਕਿਰਦਾਰ ਨੇ।
ਜਿਸ ਕਿਹਾ ਮਿਲਦਾ ਏ ਰਾਮ ਨਿਸ਼ਕਾਮ ਹੋਇਆਂ..................................।

ਬੇਪਤੀ ਦੇ ਜੀਣ ਨਾਲੋਂ ਗੈਰਤ ਦੀ ਮੌਤ ਚੰਗੀ, ਸਬਕ ਸਿਖਾਇਆ ਸੁੱਚਾ ਦੁਖੀਆਂ ਦੇ ਯਾਰ ਨੇ।
ਗੈਰਾਂ ਦਿਆਂ ਪੈਰਾਂ ਹੇਠੋਂ ਕੱਢਣੀ ਨਿਤਾਣੀ ਹਿੰਦ, ਕੀਤੇ ਸੀ ਪ੍ਰਣ ਮਨ ਸੱਚੀ ਸਰਕਾਰ ਨੇ।
ਅਜ਼ਾਦੀ ਪ੍ਰਵਾਨਿਆਂ ਨੂੰ ਦੇਸ਼ ਦੇ ਦੀਵਾਨਿਆਂ ਨੂੰ, ਸੱਭੇ ਕਾਰਾਂ ਟੱਪ ਦਿੱਤੇ ਦਿੱਲੀ ਸਤਿਕਾਰ ਨੇ।
ਗਦਰੀਆਂ ਬਾਬਿਆਂ ਨੂੰ ਭਗਤਾਂ ਸਰਾਭਿਆਂ ਨੂੰ, ਇੰਜ ਕਹਿ ਨਿਵਾਜਿਆ ਇਹ ਕੌਮੀ ਸਰਦਾਰ ਨੇ।
ਬੂਹੇ ਬੈਠੀ ਚੌਂਕੀ ਭਾਵੇਂ, ਝੁੱਕੇ ਨਾ ਜਬਰ ਸਾਵ੍ਹੇਂ, ਸਵੈ ਰਾਜ ਲਹਿਰ ਨੂੰ ਲਗਾਏ ਚੰਨ ਚਾਰ ਨੇ।
ਦੇਸ਼ ਹੈ ਆਜ਼ਾਦ ਅੱਜ ਦੱਸਦਾ ਤਿਰੰਗਾ ਪਿਆ.......................................।

ਗੁਰੁ ਰਾਮ ਮ੍ਰਿਗੇਸ਼ ਕੀਤੀ ਕਿਰਪਾ ਵਿਸ਼ੇਸ਼ ਤੇ ਬਿਨਾ ਮਾਇਆ ਲੇਸ ਅਨੰਦ ਸੰਸਕਾਰ ਨੇ।
ਉਸੇ ਨੂੰ ਅਧਾਰ ਕਰ, ਸਭ ਨਾ ਵਿਚਾਰ ਕਰ, ਕਾਨੂੰਨ ਬਣਵਾਇਆ ਸੀ ਗਰੀਬ ਗਮਖ਼ਾਰ ਨੇ।
ਰਾਗੀਆਂ ਰਬਾਬੀਆਂ ਨੂੰ ਗੁਣੀਆਂ ਗਿਆਨੀਆਂ ਨੂੰ, ਏਦਾਂ ਵਡਿਆਇਆ ਜਿਵੇਂ ਨੌ ਲੱਖੇ ਹਾਰ ਨੇ।
ਰਾਗ ਨਾਦ ਰੀਤਾਂ ਦੇ ਖਜ਼ਾਨੇ ਭਲੀ ਭਾਤ ਸਾਂਭੇ, ਅੱਜ ਤੱਕ ਸੋਭਦੇ ਜੋ ਵਿੱਚ ਦਰਬਾਰ ਨੇ।

ਪਸ਼ੂਆਂ ਦਾ ਪਾਰਖੂ ਤੇ ਆਦਮ ਸ਼ਨਾਸ ਵੱਡਾ, ਗੋਧਨ ਸੰਭਾਲਿਆ ਜਿਉਂ ਪਾਲਿਆ ਮੁਰਾਰ ਨੇ।
ਸਭਨਾਂ ਦਾ ਸਾਂਝਾ ਪੀਰ ਸਾਗਰ ਗੰਭੀਰਤਾ ਦਾ ਗੁਰੂ...............................।

ਕੀਰਤਨ ਕਥਾ ਪਾਠ ਵਰਨੀਆਂ ਹਵਨ ਠਾਟ, ਸਦਾ ਜਾਪ ਰਹੇ ਜਿਦ੍ਹੇ ਥਾਟ ਦਾ ਸ਼ਿੰਗਾਰ ਨੇ।
ਆਵੋ ਰਲ ਬੈਠੋ ਕੁੱਲ ਨਾਨਕ ਦੇ ਸੋਹਣੇ ਫੁੱਲ, ਭੁੱਲ ਦੂਈ ਰਾਹ ਜਿੱਥੇ ਘਾਟੇ ਦੇ ਆਸਾਰ ਨੇ।
ਪਿਆਰ ਨਾਲ ਸਿੱਖਾਂ ਤਾਈ ਇੱਕ ਥਾਂ ਬਿਠਾਏ ਕਿਹਾ, ਵੱਟ ਨਾ ਕੋਈ ਰੱਖੋ ਸਭ ਗੁਰੂ-ਪਰਵਾਰ ਨੇ।
ਹਰ ਵਿੱਚ ਹਰਿ ਤਾਈਂ ਵੇਖਣ ਦੀ ਜਾਚ ਸਿੱਖੋ, ਹਰ ਵਿੱਚ ਜੋਤ ਰੱਖੀ ਪਰਵਦਗਾਰ ਨੇ।
ਗੁਰਮੁਖੀ ਸਤਿਕਾਰੀ ਮਾਤ ਬੋਲੀ ਸੀ ਪਿਆਰੀ ਪਟਰਾਣੀ ਹੋਏ ਪੰਜਾਬੀ ਸੱਚੇ ਸਾਹਿਬ ਦੇ ਵਿਚਾਰ ਨੇ।
ਪ੍ਰੀਤਲੜੀ ਜਿਹੇ ਤਾਂਹੀ ਹਿਰਦੇ ਤੋਂ ਆਖਦੇ ਸੀ.........................................।

ਜੀਓ ਅਤੇ ਜੀਣ ਦਿਉ ਜਿਸ ਨੇ ਢੰਡੋਰਾ ਦਿੱਤਾ, ਜਿਤਿਆ ਵਿਰੋਧੀਆਂ ਨੂੰ ਪਿਆਰ ਹਥਿਆਰ ਨੇ।
ਜਿੱਥੇ ਕਾਂਉ ਨੀਲ ਗਾਏ ਮਰ ਜਾਂਦੇ ਸੀ ਤਿਹਾਏ, ਉਹਦੀ ਮਿਹਰ ਨਾਲ ਉੱਥੇ ਪਾਣੀ ਦੇ ਭੰਡਾਰ ਨੇ।
ਜੰਡ, ਫਲੀ, ਤੁੱਕੇ ਤੁੰਮੇ, ਫਲ ਮਸ਼ਹੂਰ ਜਿੱਥੇ, ਉੱਥੇ ਅੱਜ ਅੰਨ ਧਨ ਫਲ ਬੇਸ਼ੁਮਾਰ ਨੇ।
ਜੱਗੋਂ ਦੁਰਕਾਰਿਆਂ ਦਾ ਜ਼ਿੰਦਗੀ 'ਚ ਹਾਰਿਆਂ ਦਾ, ਮਾਣ ਸੀ ਵਧਾਇਆ ਜਗ ਮਾਨਨ-ਨਿਵਾਰ ਨੇ।
ਬਾਦਸ਼ਾਹ ਦਰਵੇਸ਼ ਨਾ ਕਚਹਿਰੀ ਹੋਏ ਪੇਸ਼, ਪੁੱਜੇ ਗੁਰੂ ਨਿੱਜ ਦੇਸ਼ ਪੂਰੇ ਕਰ ਇਕਰਾਰ ਨੇ।
'ਨਿਰਵੈਰ' ਗੁਰੂ ਜਗਜੀਤ ਦੀ ਫੜਾਈ ਬਾਂਹ, ਗੁਰੂ ਪਰਤਾਪ ਦੇ ਅਪਾਰ ਉਪਕਾਰ ਨੇ।

# ਭਾਦਰੋਂ

ਚੜ੍ਹਿਆ ਭਾਦੋਂ ਦਾ ਮਹੀਨਾ ਮੇਰਾ ਧੜਕਣ ਲੱਗਾ ਸੀਨਾ
ਜਾਏ ਗੁਵਾਚਨ ਨਗੀਨਾ ਸੀ ਕਮੀਨਾ ਦਿਲ ਆਖਦਾ।
ਆਈ ਭਾਦਰੋਂ ਦੀ ਪੰਜ, ਭਈ ਦਿਨ ਦੀਵੀ ਸੰਜ
ਹੋਇਆ ਤਾਲ ਬਿਨਾਂ ਕੰਜ ਰੰਜ ਸਭਨੂੰ ਸੀ ਭਾਖਦਾ।
ਅੱਖਾਂ ਬਣ ਗਈਆਂ ਸੌਣ ਅੱਜ ਰੋਕੇ ਇਨ੍ਹਾਂ ਕੌਣ
ਨਿਵੀਂ ਸਭ ਦੀ ਪਈ ਧੌਣ ਦੱਸੋ ਮੋਂਣ ਕੌਣ ਰੱਖਦਾ।
ਰੋਇਆ ਸਾਰਾ ਸੀ ਜਹਾਨ ਰੋਇ ਧਰਤ ਆਸਮਾਨ
ਰੋਇਆ ਉਹ ਬੀਆਬਾਨ ਜਿਹੜਾ ਲਿਆ ਕਈ ਲਖਦਾ।

ਨਿਕਮੀਂ ਆਈ ਐਸੀ ਰਾਤ ਹੋਈ ਸੋਗੀ ਪਰਭਾਤ
ਰਹੀ ਮਾਤ ਨਾ ਰਿਹਾ ਤਾਤ ਸੁਣੇ ਦੁੱਖ ਸਾਡੇ ਕੇਹੜਾ ਏ।
ਹਿਲੇ ਫਾਟਕ ਦੀ ਜਾਂ ਚੂਥੀ ਵੇਖਣ ਗਊਆਂ ਚੁੱਕ ਬੂਥੀ
ਕਹਿਣ ਪੀਆ ਪੀਆ ਮੂੰਹ ਥੀਂ ਦੁੱਧ ਵੱਛਿਆਂ ਨਾ ਲੇੜਾ ਏ।

ਸੁਤੇ ਲੰਮੀਆਂ ਜਾਂ ਤਾਣ ਸੌਂ ਗਏ ਸਾਡੇ ਅਰਮਾਣ
ਲੋਕੋ ਛਿਪ ਗਿਆ ਜੇ ਭਾਨ ਜੀਵਨ ਦਾਨ ਦੇਂਦਾ ਜੇਹੜਾ ਏ।
ਭੈਣੀ ਸਾਹਿਬ ਆਖੇ ਮਾਹੀ ਝੱਟ ਬਣ ਤੁਰਿਓਂ ਰਾਹੀ
ਕਦੋਂ ਮੁੱਕੇਗੀ ਜੁਦਾਈ ਮੇਰਾ ਸੁੰਵਾ ਹੋਇਆ ਵੇਹੜਾ ਏ।

ਕਾਲੀ ਬਿਰਾਕਲੀ ਰਾਤ ਭਾਦਰੋਂ ਦੀ ਪੰਜ ਵਾਲੀ
ਮਾਲਾ ਦੇ ਉਜਾਲਾ ਕਰ ਗਏ ਕਿਸਨ ਸਿੰਘ ਮਾਈ ਨੂੰ।
ਮੇਰਾ ਸਵ ਰੂਪ ਜਗਜੀਤ ਜੀ ਨੂੰ ਜਾਣ ਕੇ ਤੂੰ
ਮੇਟ ਲਿਆ ਕਰੀਂ ਮਾਈ ਆਪਨੀ ਜੁਦਾਈ ਨੂੰ।
ਯਾਰਾਂ ਦੀ ਬਹਾਰਾਂ ਦੇ ਵਿਚਾਰਾਂ ਵਿੱਚ ਮਾਈ ਜੀ ਨੇ
ਵੇਖ ਲਿਆ ਅੱਖੀਂ ਸੀ ਖ਼ੁਦਾ ਦੀ ਖੁਦਾਈ ਨੂੰ।
ਸ਼ੁਦਾਈ ਹੋਈ ਮਾਈ ਫਿਰੇ ਆਪੇ ਨੂੰ ਗਵਾਈ ਭਾਈ
ਰੋਕ ਸਕੀ ਨਾਹੀ ਹਏ ਵੇ ਜਾਂਦੇ ਹੋਏ ਰਾਹੀ ਨੂੰ।

**-ਗੁਰਬਖ਼ਸ਼ ਸਿੰਘ ਰਾਮਪੁਰੀ**

# ਸੁੱਚੇ ਮੋਤੀ

## ਲੰਮੀ ਉਮਰ : ਘਣੀ ਛਾਂ

ਇਕ ਵੇਰ ਮਹਾਤਮਾ ਬੁੱਧ ਆਪਣੇ ਭਿਕਸ਼ੂਆਂ ਨਾਲ ਜੰਗਲ ਵਿੱਚੋਂ ਲੰਘ ਰਿਹਾ ਸੀ। ਧੁੱਪ, ਗਰਮੀ, ਲੰਮੇ ਪੈਂਡੇ ਅਤੇ ਥਕਾਵਟ ਕਾਰਨ ਸਭ ਦਾ ਬੁਰਾ ਹਾਲ ਸੀ।

ਅੱਗੇ ਗਏ ਤਾਂ ਇਕ ਬੋਹੜ ਦਾ ਰੁੱਖ ਆ ਗਿਆ।

ਕਈ ਯਾਤਰੂ, ਬੈਲ ਗੱਡੀਆਂ ਅਤੇ ਕੁਝ ਰਾਹੀ ਬੋੜ੍ਹ ਦੀ ਘਣੀ ਛਾਂ ਹੇਠ ਰੁਕੇ ਹੋਏ ਸਨ। ਭਿਕਸ਼ੂਆਂ ਸੁਖ਼ ਦਾ ਸਾਹ ਲਿਆ।

ਭਿਕਸ਼ੂਆਂ ਦੇਖਿਆ, ਕੁਝ ਦੂਰੀ 'ਤੇ ਜੰਗਲ ਕੱਟਿਆ ਜਾ ਰਿਹਾ ਸੀ।

ਭਿਕਸ਼ੂਆਂ ਬੁੱਧ ਨੂੰ ਪੁੱਛਿਆ। ਇਹ ਲੋਕ ਨਿੱਕੇ-ਨਿੱਕੇ ਰੁੱਖ ਕਿਉਂ ਵੱਢ੍ਹ ਰਹੇ ਹਨ, ਜਦ ਕਿ ਇਸ ਬੋੜ੍ਹ ਵਰਗੇ ਕੁਝ ਰੁੱਖ ਵੱਢ੍ਹ ਕੇ ਹੀ ਸਰ ਸਕਦਾ ਹੈ।

"ਚੰਗਾ ਹੈ ਤੁਸੀਂ ਇਹਨਾਂ ਵਾਢ੍ਹਿਆਂ ਤੋਂ ਹੀ ਪੁੱਛੋ" ਬੁੱਧ ਨੇ ਕਿਹਾ।

ਉਹਨਾਂ ਵਾਢ੍ਹਿਆਂ ਨੂੰ ਪੁੱਛਿਆ, ਤਾਂ ਉਨ੍ਹਾਂ ਕਿਹਾ, "ਇਸ ਸਧਾਰਨ ਜਿਹੇ ਰੁੱਖ ਨੂੰ ਵੱਢ੍ਹ ਕੇ ਕੀ ਕਰਾਂਗੇ।"

ਭਿਕਸ਼ੂਆਂ ਬੁੱਧ ਨੂੰ ਕਿਹਾ, "ਗੁਰਦੇਵ ਗੱਲ ਸਮਝ ਨਹੀਂ ਆਈ।"

ਤਦ ਬੁੱਧ ਨੇ ਕਿਹਾ। ਜ਼ਰਾ ਗੰਭੀਰਤਾ ਨਾਲ ਸੋਚੋ। ਇਹ ਬੋੜ੍ਹ ਦਾ ਰੁੱਖ ਸੈਂਕੜੇ ਸਾਲਾਂ ਤੋਂ ਕੁਹਾੜੀ ਦੇ ਵਾਰ ਤੋਂ ਬਚਿਆ ਹੋਇਆ ਹੈ, ਕਿਉਂਕਿ ਇਹ ਸਾਧਾਰਨ ਹੈ, ਪਰ ਇਸ 'ਤੇ ਸੈਂਕੜੇ ਜਾਨਵਰਾਂ ਦੇ ਆਲ੍ਹਣੇ ਹਨ। ਕਿੰਨੀਆਂ ਬੈਲ ਗੱਡੀਆਂ, ਕਿਤਨੇ ਰਾਹੀ ਇਸਦੀ ਠੰਡੀ ਛਾਂ ਮਾਣ ਰਹੇ ਹਨ। ਇਹ ਕਿਵੇਂ ਹੋਇਆ? ਕਿਉਂਕਿ ਇਹ ਸਾਧਾਰਨ ਹੈ। ਸੋ ਧਿਆਨ ਨਾਲ ਸੁਣੋ।

- ਜੇ ਲੰਮੀ ਉਮਰ ਵਾਲੇ ਬਣਨਾ ਹੈ।
- ਘਣੀ ਛਾਂ ਵਾਲੇ ਬਣਨਾ ਹੈ।
- ਚਿਰੰਜੀਵੀ ਬਣਨਾ ਹੈ।
- ਵਡ-ਆਕਾਰੇ ਬਣਨਾ ਹੈ।
- ਤਾਂ ਸਾਧਾਰਨ ਬਣ ਜਾਵੋ...
- ਸਾਧਾਰਨ ਤੋਂ ਭਾਵ; ਦਿਖਾਵੇ ਤੋਂ ਰਹਿਤ...

# ਬੱਚਿਆਂ ਦਾ ਪੰਨਾ

## ਗੇਂਦ ਜਮੁਨਾ ਵਿੱਚ

ਭਗਵਾਨ ਕ੍ਰਿਸ਼ਨ ਜੀ ਬਾਲ ਰੂਪ ਵਿੱਚ ਜਮੁਨਾ ਕਿਨਾਰੇ ਆਪਣੇ ਦੋਸਤਾਂ ਨਾਲ ਗੇਂਦ ਨਾਲ ਖੇਡ ਰਹੇ ਸਨ। ਆਪ ਜੀ ਨੇ ਗੇਂਦ ਨੂੰ ਬੜੇ ਜ਼ੋਰ ਨਾਲ ਸੁੱਟਿਆ ਤੇ ਗੇਂਦ ਜਮੁਨਾ ਦੇ ਪਾਣੀ ਵਿੱਚ ਜਾ ਡਿੱਗੀ। ਸਾਰੇ ਬਾਲਕ ਪਾਣੀ ਵਿੱਚ ਜਾਣ ਤੋਂ ਡਰ ਰਹੇ ਸਨ, ਪਰ ਭਗਵਾਨ ਕ੍ਰਿਸ਼ਨ ਜੀ ਨੇ ਜਮੁਨਾ ਵਿੱਚ ਛਲਾਂਗ ਮਾਰ ਦਿੱਤੀ।



ਜਿਸ ਜਗ੍ਹਾ ਛਾਲ ਮਾਰੀ ਉਥੇ ਇਕ ਕਾਲੀ ਨਾਗ ਰਹਿੰਦਾ ਸੀ, ਆਪਣੇ ਜ਼ਹਿਰ ਨਾਲ ਸਭ ਨੂੰ ਮਾਰ ਦਿੰਦਾ ਸੀ। ਭਗਵਾਨ ਕ੍ਰਿਸ਼ਨ ਜੀ ਜਦੋਂ ਜਮੁਨਾ ਵਿੱਚ ਗਏ ਤੇ ਉਸਨੇ ਮਾਰਨ ਵਾਸਤੇ ਝਪਟਾ ਮਾਰਿਆ, ਪਰ ਭਗਵਾਨ ਕ੍ਰਿਸ਼ਨ ਜੀ ਨੇ ਕਾਲੀ ਨਾਗ ਨੂੰ ਪਕੜ ਲਿਆ। ਆਪਣੀ ਗੇਂਦ ਵੀ ਲੈ ਲਈ ਤੇ ਬਾਹਰ ਆ ਗਏ।

ਸਾਰੇ ਦੋਸਤ ਭਗਵਾਨ ਕ੍ਰਿਸ਼ਨ ਜੀ ਨੂੰ ਬਾਹਰ ਆਉਂਦਾ ਦੇਖ ਕੇ ਬਹੁਤ ਖੁਸ਼ ਹੋਏ। ਭਗਵਾਨ ਕ੍ਰਿਸ਼ਨ ਜੀ ਨੇ ਕਾਲੀ ਨਾਗ ਨੂੰ ਕਿਹਾ ਕਿ ਤੂੰ ਗੋਕੁਲ ਤੋਂ ਬਹੁਤ ਦੂਰ ਚਲਾ ਜਾ, ਕਿਸੇ ਨੂੰ ਤੰਗ ਨਾ ਕਰੀਂ, ਤੇਰਾ ਭਲਾ ਹੋਵੇਗਾ।

ਕਾਲੀ ਨਾਗ ਆਪਣੀ ਜਾਨ ਬਚਾ ਕੇ ਬਹੁਤ ਦੂਰ ਚਲਾ ਗਿਆ ਤੇ ਸਭ ਦਾ ਭੈ ਦੂਰ ਹੋ ਗਿਆ। ਸਭ ਬੱਚੇ ਭਗਵਾਨ ਕ੍ਰਿਸ਼ਨ ਜੀ ਨਾਲ ਖੁਸ਼ੀ-ਖੁਸ਼ੀ ਖੇਡਣ ਲੱਗੇ।

# ਖ਼ਬਰਨਾਮਾ



ਮਿਤੀ 6-8-2020 ਸਤਿਗੁਰੂ ਜੀ ਦੀ ਨਾਮਧਾਰੀ ਸੀਡਜ ਬਿੜਦੀ ਬੰਗਲੌਰ ਹਰ ਰੋਜ ਦੀ ਤਰ੍ਹਾਂ ਇਕ ਘੰਟਾ ਨਾਮ ਸਿਮਰਨ ਹੋਇਆ ਨਿਤਨੇਮ ਦੌਰਾਨ ਪਵਿੱਤਰ ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਰਵਣ ਕੀਤਾ। ਨਾਮ ਸਿਮਰਨ ਦੀ ਅਰਦਾਸ ਰਾਗੀ ਬਲਵੀਰ ਸਿੰਘ ਜੀ ਨੇ ਕੀਤੀ ਅਤੇ ਉਨ੍ਹਾਂ ਦੇ ਸਿਖਿਆਰਥੀ ਬੱਚੇ ਬੱਚੀਆਂ ਨੇ 'ਧੀਰਉ ਦੇਖ ਤੁਮਾਰੇ ਰੰਗਾ' ਸ਼ਬਦ ਪੜ੍ਹ, ਸ੍ਰੀ ਸਤਿਗੁਰੂ ਜੀ ਦੀਆ ਖੁਸ਼ੀਆਂ ਪ੍ਰਾਪਤ ਕੀਤੀਆਂ। ਅਰਦਾਸ ਉਪਰੰਤ ਸਤਿਗੁਰੂ ਜੀ ਨੇ ਸਾਰੇ ਬੱਚੇ ਬੱਚੀਆਂ ਨੂੰ ਪੁੱਛਿਆ ਕਿ ਤੁਸੀਂ ਕਿਹੜਾ-ਕਿਹੜਾ ਪਾਠ ਕਰਦੇ ਹੋ? ਅਤੇ ਬੱਚਿਆਂ ਨੂੰ ਹੁਕਮ ਕੀਤਾ ਸਵੇਰੇ ਪਾਠ ਸੁਣਨਾ ਹੈ।



'ਅਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ' ਦੇ ਵਾਕ ਅਨੁਸਾਰ ਅੱਜ ਮਿਤੀ 7-8-2020 ਸਵੇਰੇ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਪਵਿੱਤਰ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਲਾਈਵ ਸ੍ਰਵਨ ਕੀਤਾ। ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਰਾਗੀ ਬਲਵੀਰ ਸਿੰਘ ਦੇ ਜੱਥੇ ਨੇ ਵਾਰ ਲਗਾਈ। ਵਾਰ ਦੀ ਸਮਾਪਤੀ ਦੀ ਅਰਦਾਸ ਬਲਵੀਰ ਸਿੰਘ ਜੀ ਨੇ ਕੀਤੀ। ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਸੰਤੋਖ ਸਿੰਘ ਦੀ ਦੇਹ ਅਰੋਗਤਾ ਵਾਸਤੇ ਅਰਦਾਸ ਕੀਤੀ ਗਈ। ਉਪਰੰਤ ਪਾਤਸ਼ਾਹ ਜੀ ਬੱਚੇ ਬੱਚੀਆਂ ਤੋਂ ਜਪੁਜੀ ਸਾਹਿਬ ਦਾ ਪਾਠ ਸੁਣਿਆ। ਇੰਨ੍ਹਾਂ 'ਚ ਇਕ ਪਿਆਰੇ ਜਿਹੇ ਬੱਚੇ ਮੋਹਣ ਸਿੰਘ ਨੇ ਕੰਠੋ ਜਪੁਜੀ ਸਾਹਿਬ ਪਾਤਸ਼ਾਹ ਜੀ ਨੂੰ ਸੁਣਾਇਆ। ਸ੍ਰੀ ਸਤਿਗੁਰੂ ਜੀ ਸਾਰੇ ਬੱਚਿਆ ਨੂੰ ਹੁਕਮ ਕੀਤਾ ਕਿ ਸਾਰੇ ਬੱਚੇ ਜ਼ੁਬਾਨੀ ਗੁਰਬਾਣੀ ਯਾਦ ਕਰਨ।

ਮਿਤੀ 10-8-2020 ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸੀਡਜ਼ ਬਿੜਦੀ (ਬੰਗਲੋਰ) ਵਿਖੇ ਦੁਪਿਹਰੇ ਇੱਕ ਘੰਟਾ ਨਾਮ-ਸਿਮਰਨ ਕਰਨ ਉਪਰੰਤ ਤਿੰਨ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਇੱਕ ਪਾਠ ਹਰਬੰਸ ਦਿੱਲੀ, ਇੱਕ ਪਾਠ ਬੇਅੰਤ ਕੌਰ ਛੇਹਰਟਾ, ਇੱਕ ਪਾਠ ਬੀਬੀ ਮਨਜੀਤ ਕੌਰ ਨਮਿਤ ਸੀ ਅਰਦਾਸ ਉਪਰੰਤ ਕੀਰਤਨ ਹੋਇਆ।

**-ਸੂਬਾ ਅਮਰੀਕ ਸਿੰਘ ਬੰਗਲੌਰ**

# ਬਿਹਾਰ ਵਿਖੇ ਹੜ ਰਾਹਤ ਸੇਵਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਬਿਹਾਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵਿਸ਼ਵ ਨਾਮਧਾਰੀ ਸੰਗਤ ਭੈਣੀ ਸਾਹਿਬ ਲੁਧਿਆਣਾ ਵੱਲੋਂ ਅਪਦਾ ਰਾਹਤ ਸੇਵਾ ਚਲਾਈ ਜਾ ਰਹੀ ਹੈ।



ਪਿਛਲੇ ਦਿਨੀਂ ਗਡਕ ਨਦੀ ਦੇ ਬੰਨ੍ਹ ਟੁੱਟਣ ਕਰਕੇ ਬਿਹਾਰ ਦੇ ਗੋਪਾਲਗੰਜ ਸੀਵਾਂ, ਛੱਪੜਾਂ ਆਦਿ ਜ਼ਿਲਿਆਂ ਵਿੱਚ ਗੰਭੀਰ ਬਾੜ੍ਹ ਆਈ ਹੋਈ ਹੈ। ਜਿਸ ਨੇ ਲੋਕਾਂ ਦਾ ਜੀਵਨ ਅਸਤ-ਵਿਅਸਤ ਕਰ ਦਿੱਤਾ ਹੈ। ਲੋਕਾਂ ਦੇ ਘਰਾਂ ਅਤੇ ਖੇਤਾਂ ਵਿਚ ਬਹੁਤ ਜਿਆਦਾ ਪਾਣੀ ਭਰ ਗਿਆ ਹੈ। ਇਸ ਕਰਕੇ ਬਹੁਤ ਸਾਰੇ ਲੋਕ ਸੜਕਾਂ ਦੇ ਕਿਨਾਰਿਆਂ 'ਤੇ ਘਰਾਂ ਦੀਆਂ ਛੱਤਾਂ 'ਤੇ ਜਾ ਕਿਸੇ ਉੱਚੀ ਥਾਂ 'ਤੇ ਰਹਿਣ ਨੂੰ ਮਜ਼ਬੂਰ ਹਨ।

ਅੱਤ ਦੀ ਗਰੀਬੀ ਅਤੇ ਇਹਨਾਂ ਹਲਾਤਾਂ ਕਰਕੇ ਇਹਨਾਂ ਲੋਕਾਂ ਨੂੰ ਭੋਜਨ ਦੀ ਬੜੀ ਜਿਆਦਾ ਮੁਸ਼ਕਲ ਆ ਰਹੀ ਹੈ।

ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਹਰਪਾਲ ਸਿੰਘ, ਮੰਗਲਜੀਤ ਸਿੰਘ ਅਤੇ ਰਤਨ ਸਿੰਘ ਹਵਾਈ ਜਹਾਜ਼ ਰਾਹੀਂ ਮਿਤੀ 1 ਅਗਸਤ 2020 ਨੂੰ ਪਟਨਾ ਪਹੁੰਚੇ।

ਜਿਥੇ ਇਹਨਾਂ ਨੇ ਨਾਮਧਾਰੀ ਸੀਡਜ਼ ਕੰਪਨੀ ਦੇ ਸੰਜਯ ਸਿੰਘ ਆਦਿ ਦੀ ਮਦਦ ਨਾਲ ਮੁੱਜਫਰਪੁਰ, ਛਪਰਾ ਆਦਿ ਇਲਾਕਿਆ ਦਾ ਦੌਰਾ ਕਰ ਸਾਰੇ ਹਾਲਾਤਾਂ ਦਾ ਜਾਇਜਾ ਲਿਆ।

2 ਅਗਸਤ ਨੂੰ ਇਸ ਟੀਮ ਦੇ ਬਰੈੱਡ ਫਲ ਆਦਿ ਵੰਡ ਕੇ ਹੜ ਪੀੜਤਾਂ ਦੀ ਮਦਦ ਕੀਤੀ।

3 ਅਗਸਤ ਤੋਂ ਇਹਨਾਂ ਨੇ ਰੀਵਾ ਪਿੰਡ ਦੇ ਲਾਗੇ ਇਕ ਢਾਬੇ ਵਾਲੇ ਨਾਲ ਰੋਜ਼ਾਨਾ ਲੰਗਰ ਤਿਆਰ ਕਰ ਕੇ ਦੇਣ ਦੀ ਗੱਲ ਕਰ ਲਈ।



ਹੁਣ ਇਹ ਟੀਮ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਢਾਬੇ ਵਾਲੇ ਨੂੰ ਰੋਜ਼ ਦੇ ਰੋਜ਼ ਰਸਤ ਦੇ ਦਿੰਦੇ ਹਨ ਅਤੇ ਉਹ ਲਗਾਤਾਰ ਲੰਗਰ ਤਿਆਰ ਕਰਦਾ ਰਹਿੰਦਾ ਹੈ ਅਤੇ ਇਸ ਟੀਮ ਨੇ ਇਕ ਕਿਰਾਏ ਦੀ ਗੱਡੀ ਕੀਤੀ ਹੈ। ਉਸ 'ਤੇ ਲੰਗਰ ਰੱਖ ਛਪਰਾ ਜਿਲ੍ਹੇ ਦੇ ਵੱਖ-ਵੱਖ ਪਿੰਡਾਂ 'ਚ ਜਾ ਕੇ ਹੜ ਪੀੜਤਾਂ ਨੂੰ ਲੰਗਰ ਵਰਤਾ ਦਿੰਦੀ ਹੈ। ਰੋਜ਼ਾਨਾ 4-5 ਹਜ਼ਾਰ ਤੋਂ ਵੱਧ ਲੋਕ ਲੰਗਰ ਛਕਦੇ ਹਨ। ਇਹ ਸੇਵਾ ਸਵੇਰ ਤੋਂ ਲੈ ਕੇ ਸ਼ਾਮ ਤਕ ਚਲਦੀ ਰਹਿੰਦੀ ਹੈ।

ਬਹੁਤ ਸਾਰੇ ਅਜਿਹੇ ਪਿੰਡ ਹਨ, ਜਿਨ੍ਹਾਂ 'ਚ ਬਹੁਤ ਪਾਣੀ ਭਰਿਆ ਹੋਇਆ ਹੈ। ਪਰ ਗੁਰੂ ਕੇ ਇਹ ਸਿੱਖ ਬਿਨਾਂ ਥੱਕੇ ਲਗਾਤਾਰ ਸੇਵਾ ਕਰ ਰਹੇ ਹਨ। ਇਥੋਂ ਦੇ ਸਥਾਨਕ ਲੋਗ ਵੀ ਇਹਨਾ ਦਾ ਭਰਪੂਰ ਸਾਥ ਦੇ ਰਹੇ ਹਨ।

**-ਹਰਪਾਲ ਸਿੰਘ ਸੋਧੀ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦੌਰਾ

ਜਿਸ ਤਰ੍ਹਾਂ ਆਪ ਸਭ ਨੂੰ ਪਤਾ ਹੈ ਕਿ ਇਸ ਕੋਰੋਨਾ ਦੀ ਮਹਾਂਮਾਰੀ ਦੌਰਾਨ ਕਿਤੇ ਆਉਣ ਜਾਣ, ਮਿਲਣ-ਗਿਲਣ ਦੀ ਮਨਾਹੀ ਹੈ, ਪਰ ਸਤਿਗੁਰੂ ਅਤੇ ਸੰਗਤ ਦਾ ਰਿਸ਼ਤਾ ਅਤੁੱਟ ਹੁੰਦਾ ਹੈ, ਤਾਂਹੀ ਤਾਂ ਇਸ ਮਹਾਂਮਾਰੀ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵੱਖ-ਵੱਖ ਥਾਂਵਾਂ 'ਤੇ ਲੰਗਰ ਅਤੇ ਲੋੜਵੰਦਾਂ ਦੀ ਸੇਵਾ ਹੁੰਦੀ ਰਹੀ, ਪਰ ਹੁਣ ਸੰਗਤ ਦੀ ਸਭ ਤੋਂ ਵੱਡੀ ਮੰਗ ਸੀ ਆਪਣੇ ਪ੍ਰੀਤਮ ਦੇ ਦਰਸ਼ਨਾਂ ਦੀ। ਸਰਕਾਰ ਵੱਲੋਂ ਏਨੀਆਂ ਪਾਬੰਦੀਆਂ ਦੇ ਬਾਵਜੂਦ ਸੰਗਤਾਂ ਦੀਆਂ ਅਰਦਾਸਾਂ ਸੁਣ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਨਾਲ ਇਲਾਕਾ ਸ੍ਰੀ ਜੀਵਨ ਨੂੰ ਚਾਲੇ ਪਾ ਦਿੱਤੇ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਧਰਤੀ ਟਿੱਬਾ ਫਾਰਮ ਵਿਖੇ ਦਰਸ਼ਨ ਦਿੱਤੇ, ਫਾਰਮ ਦੇ ਸੇਵਾਦਾਰ ਗੁਰਚਰਨ ਸਿੰਘ ਤੋਂ ਫਸਲਾਂ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਤਕਰੀਬਨ 11 ਵਜੇ ਸ੍ਰੀ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਦੇ ਦਰਸ਼ਨਾਂ ਦੀ ਤਾਂਘ ਮਨ ਵਿੱਚ ਸਮੋਈ ਸੰਗਤ ਨੂੰ ਦਰਸ਼ਨ ਦਿੱਤੇ। ਸਾਰੀ ਸੰਗਤ ਸਤਿਗੁਰੂ ਜੀ ਦੇ ਚਰਨ ਪਰਸ ਆਪਣੇ ਆਪ ਨੂੰ ਧੰਨ ਸਮਝ ਰਹੀ ਸੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਵਿਖੇ ਦਰਸ਼ਨ ਦਿੱਤੇ, ਕੁਝ ਦੇਰ ਰੁਕਣ ਤੋਂ ਬਾਅਦ ਜਲ-ਪਾਣੀ ਛਕਣ ਉਪਰੰਤ ਸ੍ਰੀ ਜੀਵਨ ਨਗਰ ਵਿਖੇ ਦਰਸ਼ਨਾਂ ਤੋਂ ਵਿਆਕੁਲ ਹੋਈ ਸੰਗਤ ਸ੍ਰੀ ਜਗਜੀਤ ਮੰਦਰ ਵਿਖੇ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਜੀਵਨ ਨਗਰ ਵਿਖੇ ਹੀ ਸੰਤ ਹਰਦੇਵ ਸਿੰਘ ਕੱਕੜ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦਾ ਕਾਫ਼ਲਾ ਐਲਨਾਬਾਦ ਵੱਲ ਰਵਾਨਾ ਹੋ ਗਿਆ।

ਐਲਨਾਬਾਦ ਗੁਰਦੁਆਰੇ ਵਿਖੇ ਪ੍ਰਧਾਨ ਸੁਖਦੇਵ ਸਿੰਘ ਦੀ ਅਗਵਾਈ ਹੇਠ ਜਸਵੰਤ ਸਿੰਘ ਕੋਟਲੀ, ਸੁਰਿੰਦਰ ਸਿੰਘ, ਨਰਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਨੇ ਸਾਰੀ ਸੰਗਤ ਨੂੰ ਸੈਨਾਟਾਈਜ਼ਰ ਕਰਨ ਵਾਸਤੇ ਅਤੇ ਜਲ-ਪਾਣੀ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਹੋਇਆ ਸੀ। ਗੁਰਦੁਆਰੇ ਦੇ ਦੋਨੋਂ ਹਾਲ ਭਰੇ ਹੋਏ ਸਨ, ਦਰਸ਼ਨਾਂ ਦੀ ਪਿਆਸੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਨਾਮ ਸਿਮਰਨ ਕਰ ਰਹੀ ਸੀ, ਇੰਤਜ਼ਾਰ ਦੀਆਂ ਘੜੀਆਂ ਸਮਾਪਤ ਹੋਈਆਂ ਅਤੇ ਇੱਕ ਗੂੰਜਵੇ ਜੈਕਾਰੇ ਨਾਲ ਸਤਿਗੁਰੂ ਜੀ ਦਾ ਆਗਮਨ ਹੋਇਆ ਅਤੇ ਸੰਗਤ ਨੇ ਚਰਨ ਪਰਸੇ ਤਿੰਨ ਛੋਟੇ ਬੱਚੇ ਕਹਿਣ ਲੱਗੇ ਕਿ ਅਸੀਂ ਸਤਿਗੁਰੂ ਜੀ ਨੂੰ ਆਪ ਅਰਜ਼ ਕਰਨੀ ਹੈ। ਸਤਿਗੁਰੂ ਜੀ ਬੜੇ ਪਿਆਰ ਨਾਲ ਉਨ੍ਹਾਂ ਬੱਚਿਆ ਦੀ ਅਰਜ਼ ਸੁਣਕੇ ਬੱਚਿਆ ਦੇ ਸਿਰ 'ਤੇ ਪਿਆਰ ਭਰਿਆ ਹੱਥ ਰੱਖਿਆ। ਉਪਰੰਤ ਮਾ.ਅਮਰੀਕ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਪਾਤਸ਼ਾਹ ਜੀ ਸਾਧੂ ਸਿੰਘ ਚਲੇ ਗਏ ਨੇ, ਮੇਰਾ ਜੀ ਨਹੀਂ ਲੱਗਦਾ ਤਾਂ ਪਾਤਸ਼ਾਹ ਜੀ ਬੜੇ ਪਿਆਰ ਨਾਲ ਮਾ. ਜੀ ਨੂੰ ਕਿਹਾ ਇਹ ਤਾਂ ਅਕਾਲ ਪੁਰਖ ਦੇ ਹੱਥ ਹੈ ਆਪਣੀ ਵਾਰੀ ਨਾਲ ਹੀ ਜਾਣਾ ਸਭ ਨੇ। ਫੇਰ ਮਾ. ਜੀ ਅਰਜ਼ ਕੀਤੀ ਮੇਰੀ ਸਿੰਘਣੀ ਠੀਕ ਨਹੀਂ ਤਾਂ ਪਾਤਸ਼ਾਹ ਜੀ ਮਾਸਟਰ ਜੀ ਦੇ ਘਰ ਮਾਤਾ ਮਹਿੰਦਰ ਕੌਰ ਜੀ ਨੂੰ ਦਰਸ਼ਨ ਦੇ ਕੇ ਅਮਰਾਸਰ ਸੰਤ ਪੂਰਨ ਸਿੰਘ ਜੀ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਰਹੇ ਸੰਤ ਗੁਲਜਾਰ ਸਿੰਘ ਨੂੰ ਦਮਦਮਾ ਵਿਖੇ ਜਾ ਦਰਸ਼ਨ ਦਿੱਤੇ ਅਤੇ ਸੁਖ ਸ਼ਾਂਤ ਪੁੱਛੀ ਅਤੇ ਨਾਲ ਹੀ ਦਮਦਮੇ ਵਿਖੇ ਸੰਤ ਮਹਿੰਦਰ ਸਿੰਘ ਅਤੇ ਸੰਤ ਜਗਿੰਦਰ ਸਿੰਘ ਘਰ ਦਰਸ਼ਨ ਦਿੱਤੇ ਤੇ ਵਾਪਸੀ ਵਿੱਚ ਸੰਤ ਨਗਰ ਵਿਖੇ ਗੁਰਮੁਖ ਸਿੰਘ ਪੁੱਤਰ ਕੰਧਾਰਾ ਸਿੰਘ ਚੜ੍ਹਾਈ ਕਰਨ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਫਿਰ ਸ੍ਰੀ ਸਤਿਗੁਰੂ ਜੀ ਸਵ. ਜਗੀਰ ਸਿੰਘ ਵਡਾਣੀਆਂ ਦੀ ਸਪੁਤਨੀ ਚੜ੍ਹਾਈ ਕਰ ਗਈ ਸੀ, ਉਨ੍ਹਾਂ ਦੇ ਪਰਵਾਰ 'ਤੇ ਕਿਰਪਾ ਕੀਤੀ। ਘਰ ਦਰਸ਼ਨ ਦੇ ਕੇ ਉਪਰੰਤ ਪਾਤਸ਼ਾਹ ਜੀ ਮੁੜ ਮਸਤਾਨਗੜ੍ਹ ਦਰਸ਼ਨ ਦਿੱਤੇ, ਦੂਰੋਂ ਨੇੜਿਓਂ ਆਈ ਸੰਗਤ ਨੇ ਚਰਨ ਪਰਸੇ ਅਤੇ ਲੋੜਵੰਦਾਂ ਦੀਆਂ ਅਰਜਾਂ ਸੁਣੀਆਂ ਅਤੇ ਸਾਰੀ ਸੰਗਤ ਇਹੀ ਉਚਾਰ ਰਹੀ ਸੀ।

ਕਿਰਪਾ ਨਿਧਿ ਪ੍ਰਭਿ ਦੀਨ ਦਇਆਲਾ॥ ਜੀਅ ਜੰਤ ਕੀ ਕਰਹੁ ਪ੍ਰਤਿਪਾਲਾ॥

31 ਤਰੀਕ ਸਵੇਰੇ ਅੰਮ੍ਰਿਤ ਵੇਲੇ ਸੰਤ ਸਰਮੁਖ ਸਿੰਘ ਅਤੇ ਸ਼ਾਮ ਸਿੰਘ ਨਾਲ ਲਵਪ੍ਰੀਤ ਸਿੰਘ, ਸਵਿੰਦਰ ਸਿੰਘ ਦੇ ਜਥੇ

ਸਮੇਤ ਅੰਮ੍ਰਿਤ ਮਈ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਭੋਗ ਉਪਰੰਤ ਸੰਤ ਸੁਖਚੈਨ ਸਿੰਘ ਭੰਭੂਰ ਵਾਲਿਆਂ ਨੇ ਬਹੁਤ ਵਿਸਥਾਰ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਬਾਰੇ ਦਸਿਆ। ਆਪਣੇ ਸਤਿਗੁਰੂ 'ਤੇ ਹੀ ਭਰੋਸਾ ਰੱਖਣ ਦੀ ਗੱਲ ਕੀਤੀ। ਸ੍ਰੀ ਸਤਿਗੁਰੂ ਜੀ ਵਾਪਸੀ ਤੋਂ ਪਹਿਲਾਂ ਸਵ: ਅਮਰ ਸਿੰਘ ਲੰਬੜਦਾਰ ਦੇ ਘਰੋਂ ਬੀਬੀ ਨੂੰ ਦਰਸ਼ਨ ਦੇਕੇ ਰਾਣੀਆਂ, ਥੇੜ੍ਹ 'ਤੇ ਇੱਕ ਬੀਬੀ ਨੂੰ ਕੈਂਸਰ ਸੀ, ਉਸ ਦੀ ਅਰਦਾਸ ਸੁਣ ਉਸ ਨੂੰ ਦਰਸ਼ਨ ਦੇ ਨਿਹਾਲ ਕੀਤਾ ਤੇ ਬੀਬੀ ਕਹਿ ਰਹੀ ਸੀ 'ਦਰਸਨ ਦੇਖਤ ਦੋਖ ਨਸੇ'। ਵਾਪਸੀ ਸਰਸੇ ਸੰਤ ਲਖਵੀਰ ਸਿੰਘ ਦੇ ਘਰ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਵੱਲ ਚਾਲੇ ਪਾ ਦਿੱਤੇ।

**-ਗੁਰਮੀਤ ਸਿੰਘ ਚਾਨਾ**

## ਸਧਾਰਨ ਪਾਠਾਂ ਦੇ ਚੱਲ ਰਹੇ ਪ੍ਰਵਾਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨਾਲ ਸਬੰਧਿਤ ਕਈ ਕੰਮ ਚੱਲ ਰਹੇ ਹਨ। ਉਨ੍ਹਾਂ ਵਿੱਚੋਂ ਇੱਕ ਕੰਮ ਸਧਾਰਨ ਪਾਠਾਂ ਦਾ ਪ੍ਰਵਾਹ ਵੀ ਹੈ। ਲਗਭਗ 40 ਇਲਾਕਿਆਂ ਦੀ ਸੰਗਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਕਰ ਰਹੀ ਹੈ। ਰਾਗੀ ਸ਼ਾਮ ਸਿੰਘ ਹੁਰਾਂ ਦੇ ਦੱਸਣ ਮੁਤਾਬਿਕ ਇਹ ਸੰਗਤ ਨਵੰਬਰ ਤੱਕ 2000 ਤੋਂ ਉੱਪਰ ਪਾਠ ਕਰ ਦੇਵੇਗੀ, ਹੋ ਸਕਦਾ ਹੈ ਕਿ ਇਹ ਗਿਣਤੀ 4000 ਤੱਕ ਵੀ ਪੁੱਜ ਜਾਵੇ। ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ 11 ਹਜ਼ਾਰ ਸਧਾਰਨ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਹੈ। ਇਹ ਸਿਲਸਿਲਾ ਫਰਵਰੀ 2019 ਵਿੱਚ ਪਏ ਸਵਾ ਲੱਖ ਪਾਠਾਂ ਦੇ ਭੋਗ ਤੋਂ ਬਾਅਦ ਲਗਾਤਾਰ ਚੱਲ ਰਿਹਾ ਹੈ।

## ਸ੍ਰੀ ਭੈਣੀ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਅਖੰਡ ਵਰਨੀ ਦਾ ਪ੍ਰਵਾਹ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮਾਂ ਅਨੁਸਾਰ ਸਮੂਹ ਨਾਮਧਾਰੀ ਸੰਗਤ ਨੇ ਵੱਖ-ਵੱਖ ਢੰਗ ਤਰੀਕਿਆਂ ਨਾਲ ਲੋੜਵੰਦਾਂ ਦੀ ਸੇਵਾ ਕੀਤੀ। ਲੋੜਵੰਦਾਂ ਦੀ ਮਦਦ ਕਰਨ ਤੋਂ ਇਲਾਵਾ ਸਤਿਗੁਰੂ ਜੀ ਨੇ ਸੰਗਤ ਨੂੰ ਆਪਣੇ-ਆਪਣੇ ਇਲਾਕੇ ਵਿੱਚ ਸਰਬੱਤ ਦੇ ਭਲੇ ਵਾਸਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਸ਼ੁਰੂ ਕਰਨ ਦਾ ਵੀ ਹੁਕਮ ਕੀਤਾ ਸੀ। ਸਤਿਗੁਰੂ ਜੀ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਹੋਇਆ ਬਾਕੀ ਸੰਗਤ ਵਾਂਗ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਜਿੱਥੇ ਲੋੜਵੰਦਾਂ ਦੀ ਵੱਧ ਚੜ੍ਹ ਕੇ ਸੇਵਾ ਕੀਤੀ, ਉੱਥੇ ਨਾਮ ਸਿਮਰਨ ਦੀ ਅਖੰਡ ਵਰਨੀ ਦੀ ਵੀ ਆਰੰਭਤਾ ਕੀਤੀ।

ਇਹ ਵਰਨੀ 1 ਅਪ੍ਰੈਲ ਤੋਂ ਲਗਾਤਾਰ ਚੱਲ ਰਹੀ ਹੈ। ਇਹ ਵਰਨੀ ਪਹਿਲਾਂ ਚੱਲਦੀ ਅਖੰਡ ਵਰਨੀ ਵਾਲੀ ਥਾਂ 'ਤੇ ਹੀ ਸ਼ੁਰੂ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਇੱਥੇ ਲਗਾਤਾਰ ਦੋ ਅਖੰਡ ਵਰਨੀਆਂ ਚੱਲ ਰਹੀਆਂ ਹਨ। ਇਸ ਰੋਲ ਵਿੱਚ 14 ਦਿਨਾਂ ਬਾਅਦ ਇੱਕ ਨੌਜਵਾਨ ਦੀਆਂ ਦੋ ਰੋਲਾਂ ਆਉਂਦੀਆਂ ਹਨ। ਹਰ ਰੋਜ਼ 6 ਨੌਜਵਾਨ ਰੋਲਾਂ ਲਾਉਂਦੇ ਹਨ। ਇਸ ਤਰ੍ਹਾਂ ਵਰਨੀ ਵਿੱਚ 84 ਨੌਜਵਾਨ ਸੇਵਾ ਕਰ ਰਹੇ ਹਨ। ਇਹ ਸਾਰੇ ਨੌਜਵਾਨ ਨਿਰਸੁਆਰਥ ਸੇਵਾ ਕਰਦੇ ਹਨ। ਸਤਿਗੁਰੂ ਜੀ ਬਖਸ਼ਿਸ਼ ਕਰਨ ਇਹ ਨੌਜਵਾਨ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ ਰਹਿਣ।

**-ਜਸਵੰਤ ਸਿੰਘ ਮਸਤ**

# ਗੁਰਬਾਣੀ ਜਮਾਤਾਂ ਦਾ ਦੌਰ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਸਿਖਾਉਣ ਅਤੇ ਗੁਰਬਾਣੀ ਕੰਠ ਕਰਵਾਉਣ ਲਈ ਉਚੇਚਾ ਧਿਆਨ ਦੇ ਰਹੇ ਹਨ। ਇਸ ਲਈ ਵੱਖ-ਵੱਖ ਇਲਾਕਿਆਂ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਗੁਰਬਾਣੀ ਦੇ ਵਿਦਵਾਨ ਸੱਜਣ ਲਗਾਤਾਰ ਗੁਰਬਾਣੀ ਸੰਥਿਆ ਦੇ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿਖੇ ਗੁਰਬਾਣੀ ਸੰਥਿਆ ਦੋ ਪ੍ਰਕਾਰ ਦਿੱਤੀ ਜਾਂਦੀ ਹੈ।

ਪਹਿਲੀ ਸਿੱਧੇ ਤੌਰ 'ਤੇ ਸਵੇਰ ਦੀ ਸੰਥਿਆ ਸਵੇਰੇ 6 ਤੋਂ 7 ਵਜੇ ਤੱਕ ਵਿੱਦਿਅਕ ਜਥਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ 10 ਤੋਂ 12 ਸਾਲ ਤੱਕ ਦੇ ਛੋਟੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਦਿੰਦੇ ਹਨ। ਇਹ ਸੰਥਿਆ ਸੰਗੀਤ ਹਾਲ ਵਿਖੇ ਚੱਲ ਰਹੀ ਹੈ। ਇਸੇ ਤਰ੍ਹਾਂ ਸ਼ਾਮ ਨੂੰ ਸੰਤ ਬਲਕਾਰ ਸਿੰਘ ਜੀ ਅਤੇ ਸੰਤ ਨਿਸ਼ਾਨ ਸਿੰਘ ਜੀ ਮਾਤਾ ਚੰਦ ਕੌਰ ਜੀ ਵਾਲੀ ਕੋਠੀ ਵਿੱਚ ਗੁਰਬਾਣੀ ਸਿਖਲਾਈ ਦੀਆਂ ਜਮਾਤਾਂ ਲਾਉਂਦੇ ਹਨ। ਇਨ੍ਹਾਂ ਤੋਂ ਇਲਾਵਾ ਇੱਕ ਕਲਾਸ ਗੁਰਸੇਵਕ ਸਿੰਘ ਕਵੀਸ਼ਰ ਅਤੇ ਅਮਰੀਕ ਸਿੰਘ ਕਥਾਵਾਚਕ ਵੀ ਲਾ ਰਹੇ ਹਨ। ਇਹ ਸੰਥਿਆ ਕਾਫ਼ੀ ਲੰਮੇ ਸਮੇਂ ਤੋਂ ਲਗਾਤਾਰ ਚੱਲ ਰਹੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਲਾਕਡਾਊਨ ਕਰਕੇ ਬੰਦ ਰਹੀ ਤੇ ਹੁਣ ਫਿਰ ਦੁਬਾਰਾ ਸ਼ੁਰੂ ਕੀਤੀ ਗਈ ਹੈ। ਇਸ ਵਿੱਚ ਵੱਡੇ ਬੱਚੇ ਸਿੱਖਿਆ ਲੈਂਦੇ ਹਨ।



ਦੂਸਰੀ ਵਟਸਐੱਪ 'ਤੇ- ਇਹ ਆਧੁਨਿਕ ਤਰੀਕਾ ਉਨ੍ਹਾਂ ਸਿੱਖਿਆਰਥੀਆਂ ਲਈ ਅਪਣਾਇਆ ਗਿਆ ਹੈ, ਜੋ ਸ੍ਰੀ ਭੈਣੀ ਸਾਹਿਬ ਵਿਖੇ ਚਲਦੀਆਂ ਕਲਾਸਾਂ ਵਿੱਚ ਜਾਂ ਫਿਰ ਆਨਲਾਈਨ ਸੰਥਿਆ ਦੀਆਂ ਜਮਾਤਾਂ ਵਿੱਚ ਭਾਗ ਨਹੀਂ ਲੈ ਸਕਦੇ। ਇਨਾਂ ਸੰਥਿਆ ਦੀਆਂ ਕਲਾਸਾਂ ਨਾਲ 200 ਸਿੱਖਿਆਰਥੀ ਜੁੜੇ ਹੋਏ ਹਨ। ਜਿਸ ਵੀ ਵਿਦਿਆਰਥੀ ਨੂੰ ਪਾਠ ਕਰਦਿਆਂ ਕੋਈ ਸਮੱਸਿਆ ਆਉਂਦੀ ਹੈ ਜਾਂ ਫਿਰ ਜਿਸ ਨੇ ਕੁਝ ਪੁੱਛਣਾ ਹੁੰਦਾ ਹੈ। ਉਹ ਸਿਖਿਆਰਥੀ ਗੁਰਬਾਣੀ ਦੀਆਂ ਉਨ੍ਹਾਂ ਤੁਕਾਂ ਦੀ ਫੋਟੋ ਖਿੱਚ ਕੇ ਆਨਲਾਈਨ ਗੁਰਬਾਣੀ ਸੰਥਿਆ ਨਾਂ ਦੇ ਵਾਟਸਐਪ ਗਰੁੱਪ ਵਿੱਚ ਫੋਟੋ ਭੇਜ ਦਿੰਦਾ ਹੈ ਤੇ ਆਪਣਾ ਸਵਾਲ ਨਾਲ ਲਿਖ ਦਿੰਦਾ ਹੈ। ਅੱਗੋਂ ਰਾਗੀ ਸ਼ਾਮ ਸਿੰਘ ਜੀ ਉਸ ਬਾਰੇ ਸਹੀ ਜਾਣਕਾਰੀ ਦੇ ਦਿੰਦੇ ਹਨ।

ਇੰਟਰਨੈੱਟ ਰਾਹੀਂ ਆਨਲਾਈਨ ਕਲਾਸਾਂ- ਇਹ ਕਲਾਸਾਂ ਪ੍ਰਮੁੱਖ ਤੌਰ 'ਤੇ ਰਾਗੀ ਸ਼ਾਮ ਸਿੰਘ ਹੁਰੀਂ ਲਾ ਰਹੇ ਹਨ। ਉਹ ਇਸ ਢੰਗ ਨਾਲ ਲੱਗਭਗ 7 ਦੇਸ਼ਾਂ ਦੇ ਗੁਰਬਾਣੀ ਅਭਿਲਾਸ਼ੀ ਨੌਜਵਾਨਾਂ ਨੂੰ ਗੁਰਬਾਣੀ ਸੰਥਿਆ ਦੇ ਰਹੇ ਹਨ। ਟੋਰਾਂਟੋ ਤੇ ਨਿਊਯਾਰਕ ਦੀ ਸੰਥਿਆ 6 ਤੋਂ 8 ਵਜੇ ਸਵੇਰੇ ਵੈਨਕੂਵਰ, ਕੈਲੀਫੋਰਨੀਆ ਤੇ ਆਸਟ੍ਰੇਲੀਆ ਵਾਲਿਆਂ ਦੀ 8 ਤੋਂ 10:30 ਅਤੇ ਇੰਗਲੈਂਡ ਤੇ ਭਾਰਤ ਵਾਲਿਆਂ ਦੀ 7:30 ਤੋਂ 10:30 ਸ਼ਾਮ ਨੂੰ ਚੱਲਦੀ ਹੈ। ਸੰਥਿਆ ਦੀਆਂ ਇਨ੍ਹਾਂ ਜਮਾਤਾਂ ਵਿੱਚ ਲਗਭਗ 250 ਵਿਦਿਆਰਥੀ ਰੋਜ਼ਾਨਾ ਭਾਗ ਲੈਂਦੇ ਹਨ। ਇਹ ਸੰਥਿਆ ਦਸੰਬਰ 2019 ਤੋਂ ਲਗਾਤਾਰ ਚੱਲ ਰਹੀ ਹੈ। ਇਸ ਤੋਂ ਇਲਾਵਾ ਅਮਰੀਕ ਸਿੰਘ ਕਥਾਕਾਰ ਹੁਰੀਂ ਵੀ ਰੋਜ਼ਾਨਾ ਸ਼ਾਮ ਨੂੰ ਆਨਲਾਈਨ ਸੰਥਿਆ ਦਿੰਦੇ ਹਨ।

**-ਜਸਵੰਤ ਸਿੰਘ ਮਸਤ**



16 ਅਗਸਤ, ਭਾਦਰੋਂ ਦੀ ਸੰਗਰਾਂਦ ਵਾਲੇ ਦਿਨ ਐਲਨਬਾਦ ਵਿਖੇ
ਸੰਗਤ ਵਾਲੋਂ ਸਲਾਨਾ ਜਪ ਪ੍ਰਯੋਗ ਦੀ ਸ਼ੁਰੂਆਤ ਕੀਤੀ ਗਈ



ਸ੍ਰੀ ਭੈਣੀ ਸਾਹਿਬ ਵਿਖੇ ਨੌਜੁਆਨ ਅਖੰਡ ਵਰਨੀ ਵਿੱਚ ਸੇਵਾ ਨਿਭਾਉਂਦੇ ਹੋਏ।

Date of Publication: 19-02-2020,
Date of Posting: 20-21 Feb. 2020

RNI NO. 55658/93 Delhi Postal Regd. No. DL(W) 01/2055/18-20



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ (1959 ਈ.) ਦੌਰੇ ਤੋਂ ਪਰਤਣ ਸਮੇਂ
ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫੁੱਲਾਂ ਦਾ ਹਾਰ ਭੇਟ ਕਰਕੇ ਸਵਾਗਤ ਕਰਦੇ ਹੋਏ।

**Printed and Published by Mr. Harvendra Singh Hanspal on behalf of Namdhari Darbar.**
**Printed at Summit advertising press, 2DLF (Part), Moti Nagar, New Delhi**
**and Published from Namdhari Gurdwara, ramesh Nagar, New delhi-110015.**